ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ, ਸੋ ਕਹੀਅਤ ਹੈ ਸੂਰਾ ॥




# "SURA" MONTHLY

ਪ੍ਰਤੀ ਕਾਪੀ ❊ ❊ ੫੦ ਪੈਸੇ

(2)

ਪ੍ਰਕਾਸ਼ਕ :-

## ਅਖੰਡ ਕੀਰਤਨੀ ਜੱਥਾ

ਪਟਿਆਲਾ

www.AKJ.Org

www.AKJ.Org

ੴ ਵਾਹਿਗੁਰੂ ਜੀ ਕੀ ਫ਼ਤਹਿ।

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

ਗੁਰਮਤਿ ਪ੍ਰਚਾਰਕ ਮਾਸਿਕ ਪੱਤਰ—

# ਸੂਰਾ

(ਸ੍ਰੀ ਅੰਮ੍ਰਿਤਸਰ)

ਜਿਲਦ ਨੰ: ੧ ਅੰਕ ਨੰ: ੧

ਚੰਦਾ ਸਾਲਾਨਾ— ਦੇਸ ਪੰਜ ਰੁਪੈ
ਪ੍ਰਦੇਸ ਸਤ ਰੁਪੈ

ਐਡੀਟਰ
ਗਿ: ਜਸਵੰਤ ਸਿੰਘ ਬੀ. ਏ. ਬੀ. ਟੀ.

ਸਲਾਹਕਾਰ ਬੋਰਡ
ਭਾ: ਜੋਗਿੰਦਰ ਸਿੰਘ
ਭਾ: ਮਹਿੰਦਰ ਸਿੰਘ
ਭਾ: ਸੇਵਾ ਸਿੰਘ
ਭਾ: ਅਜੀਤ ਸਿੰਘ

ਫਰਵਰੀ ੧੯੬੬ ਮਾਘ ੪੯੭ ਨਾਨਕ ਸ਼ਾਹੀ

ਪ੍ਰਭਜੋਤ ਪ੍ਰਿੰਟਿੰਗ ਪ੍ਰੈਸ ਬਹਾਦਰ ਨਗਰ ਅੰਮ੍ਰਿਤਸਰ ਤੋਂ ਅਖੰਡ ਕੀਰਤਨੀ ਜਥਾ ਪਟਿਆਲਾ ਲਈ ਜਸਬੀਰ ਸਿੰਘ 'ਬੀਰ' ਪ੍ਰਿੰਟਰ ਤੇ ਪਬਲਿਸ਼ਰ ਨੇ ਛਪਵਾ ਕੇ ਦ.ਫਤੱਰ "ਸੂਰਾ" ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ ਤੋਂ ਪ੍ਰਕਾਸ਼ਿਤ ਕੀਤਾ।

www.AKJ.Org

# ਲੇਖ-ਸੂਚੀ


| ਸੰਪਾਦਕੀ | ਪੰਨਾ | ਲੇਖਕ |
|---|---|---|
| ਪਾਠਕਾਂ ਪ੍ਰਤੀ ਬਿਨੈ | ੩ | ਐਡੀਟਰ |
| ਸਚੀ ਸੂਰਮਤਾਈ (ਲੇਖ) | ੬ | ਭਾ: ਸਾਹਿਬ ਰਣਧੀਰ ਸਿੰਘ |
| ਉਦਮ ਕਰੀਏ (ਕਵਿਤਾ) | ੧੨ | ਐਡੀਟਰ |
| ਕਿਥੇ ਹੈ ਅਜ ਉਹ ਖਾਲਸਾ ? | ੧੪ | ਪ੍ਰੋ: ਹਰਭਜਨ ਸਿੰਘ |
| ਧਾਰਮਕਿ ਸਿਖਿਆ | ੨੦ | ਮਾਸਟਰ ਗੁਰਮੁਖ ਸਿੰਘ |
| ਨੀਲਾ ਘੋੜਾ | ੨੩ | ਭਾ: ਰਣਜੀਤ ਸਿੰਘ |
| ਅਕਾਲੀ ਕੌਰ ਸਿੰਘ ਜੀ | ੩੫ | ਭਾ: ਸਾਹਿਬ ਰਣਧੀਰ ਸਿੰਘ |
| ਸ਼ੁਧ।ਅਸ਼ੁਧ ਪਾਠ ਬਿਸਰਾਮ | ੪੬ | "ਜਪੁ ਨਿਰਣਯ" ਵਿਚੋਂ |


# ਜ਼ਰੂਰੀ ਬੇਨਤੀ

ਖਾਲਸਾ ਜੀ ! ਇਹ ਪਰਚਾ ਕੇਵਲ ਗੁਰਮਤਿ ਪਰਚਾਰ ਨੂੰ ਮੁਖ ਰਖ ਕੇ ਚਲਾਇਆ ਜਾ ਰਿਹਾ ਹੈ। ਇਸ ਪਰਚੇ ਵਿਚ ਕਿਸੇ ਨੂੰ ਜਾਤੀ ਲਾਭ ਨਹੀਂ। ਇਹ ਪਰਚਾ ਆਪ ਸਭ ਦਾ ਸਾਂਝਾ ਹੈ ਸੋ ਹਰ ਗੁਰਸਿਖ ਨੂੰ ਇਸ ਪਰਚੇ ਦਾ ਸਾਲਾਨਾ ਚੰਦਾ ਹੇਠ ਲਿਖੇ ਪਤੇ ਤੇ ਭੇਜ ਕੇ ਗੁਰਮਤਿ ਪਰਚਾਰ ਵਿਚ ਪਰਬੰਧਕਾਂ ਦਾ ਹਥ ਵਟਾਉਣਾ ਚਾਹੀਦਾ ਹੈ।

ਮੈਨੇਜਰ "ਸੂਰਾ"
ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ।

www.AKJ.Org

# ਪਾਠਕਾਂ ਪ੍ਰਤੀ ਬਿਨੈ

ਸਤਿਕਾਰ ਯੋਗ, ਸੁਹਿਰਦ ਸਤਸੰਗੀ ਜਨੋ,

ਤੁਹਾਡੇ ਕਰ ਕਮਲਾਂ ਵਿਚ ਇਹ ਕੁਝ ਪਤਰਿਆਂ ਦਾ ਜੋ ਪੱਤ੍ਰ "ਸੂਰਾ" ਸਿਰਲੇਖ ਹੇਠ ਪੇਸ਼ ਕੀਤਾ ਗਿਆ ਹੈ, ਇਹ ਪਟਿਆਲਾ ਨਿਵਾਸੀ ਸੰਗਤਾਂ ਦੀ ਪ੍ਰੇਰਨਾ ਦਾ ਫਲ ਹੈ। ਇਸ ਪਰਚੇ ਦੀ ਕੀ ਲੋੜ ਸੀ ? ਇਸ ਦਾ ਉੱਤਰ ਕੁਝ ਨਾ ਕੁਝ ਆਪ ਨੂੰ ਪ੍ਰਗਟ ਹੋ ਹੀ ਚੁਕਾ ਹੋਵੇਗਾ। ਬਾਕੀ ਸਮੇਂ ਨਾਲ ਸੰਗਤਾਂ ਦਾ ਇਸ ਪਰਚੇ ਨੂੰ ਪਰਵਾਨ ਕਰਨਾ ਤੇ ਮਿਲਵਰਤਨ ਦੇਣਾ ਹੀ ਦਸੇਗਾ ਕਿ ਇਸ ਪਰਚੇ ਦੀ ਲੋੜ ਕਿੰਨੀ ਕੁ ਸੀ ਤੇ ਉਹ ਲੋੜ ਕਿੰਨੀ ਕੁ ਪੂਰੀ ਹੋ ਰਹੀ ਹੈ।

ਦਾਸ ਨੂੰ ਐਸਾ ਅਨੁਭਵ ਹੁੰਦਾ ਹੈ ਕਿ ਗੁਰਮਤਿ ਪਰਚਾਰ ਦੇ ਨਿਸ਼ਾਨੇ ਨੂੰ ਮੁਖ ਰਖ ਕੇ, ਜੋ ਪੱਤਰ ਨਿਕਲ ਰਹੇ ਹਨ, ਭਾਵੇਂ ਉਹ ਕਿਸੇ ਨ ਕਿਸੇ ਪੱਖ ਵਿਚ ਗੁਰਮਤਿ ਮਾਰਗੀਆਂ ਦੀ ਕਾਫੀ ਸੇਵਾ ਜਾਂ ਸਹਾਇਤਾ ਕਰ ਰਹੇ ਹਨ, ਪਰੰਤੂ ਫਿਰ ਵੀ ਉਨ੍ਹਾਂ ਸਾਰਿਆਂ ਵਿਚ ਕੋਈ ਨਾ ਕੋਈ ਕਮੀ ਐਸੀ ਹੈ, ਜਿਸ ਕਰਕੇ ਆਪ ਜੀ ਦੀ ਨਿਸ਼ਾ ਉਨ੍ਹਾਂ ਤੋਂ ਨਹੀਂ ਹੁੰਦੀ।

ਗੁਰਮਤਿ ਪੰਧਾਊਆਂ ਨੂੰ ਆਪਸੀ ਮੇਲ ਜੋਲ ਪੈਦਾ ਕਰਨ, ਪਰਮਾਰਥਕ ਅਟਕਾਂ ਦਾ ਹੱਲ ਲੱਭਣ ਅਤੇ ਨਿਤ ਨਵੇਂ ਉਪਜ ਰਹੇ ਹਾਲਾਤ ਵਿਚ ਗੁਰਮਤਿ ਅਨੁਸਾਰ ਜੀਵਨ ਬਤੀਤ ਕਰਨ ਲਈ ਪਰਸਪਰ ਉਤਸ਼ਾਹ ਲੈਣ ਦੇਣ ਦੇ ਵਿਚਾਰ ਨਾਲ, ਇਕ ਐਸਾ ਪੱਤਰ ਕੱਢਨ ਦਾ ਵਿਚਾਰ ਕਈ ਸਿੰਘਾਂ ਦੇ ਮਨ ਵਿਚ ਉਸਲ-ਵੱਟੇ ਲੈ ਰਿਹਾ ਸੀ।

ਪਟਿਆਲਾ ਨਿਵਾਸੀ ਸੰਗਤਾਂ ਨੇ ਇਸ ਆਸ਼ੇ ਨੂੰ ਮੁਖ ਰਖਕੇ ਪੱਤਰ ਪ੍ਰਕਾਸ਼ਤ ਕਰਨ ਲਈ ਵਿਚਾਰ ਬਣਾ ਲਿਆ। ਇਕ ਵਿਸ਼ੇਸ਼ ਸਮਾਗਮ, ਇਸ ਆਸ਼ੇ ਨੂੰ ਮੁਖ ਰਖਕੇ ਰਚਿਆ ਗਿਆ। ਜਿਸ ਵਿਚ ਕੀਰਤਨ ਤੋਂ ਉਪਰੰਤ ਸੰਗਤ ਪ੍ਰਤੀ ਇਸ ਆਸ਼ੇ ਨੂੰ ਪ੍ਰਗਟ ਕੀਤਾ ਗਿਆ। ਉਪਰੰਤ ਅਰਦਾਸਾ ਸੋਧਿਆ ਗਿਆ। ਗੁਰੂ ਮਹਾਰਾਜ ਨੇ ਹੇਠ ਲਿਖਿਆ ਹੁਕਮ-ਨਾਮਾ ਬਖਸ਼ਿਆ।



www.AKJ.Org

"ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ, ਸੋ ਕਹੀਅਤ ਹੈ ਸੂਰਾ ॥
ਆਤਮ ਜਿਣੈ ਸਗਲ ਵਸਿ ਤਾਕੈ, ਜਾ ਕਾ ਸਤਿਗੁਰ ਪੂਰਾ ॥੧॥
ਠਾਕੁਰੁ ਗਾਈਐ ਆਤਮ ਰੰਗਿ ॥
ਸਰਣੀ ਪਾਵਨ ਨਾਮ ਧਿਆਵਨ, ਸਹਿਜ ਸਮਾਵਨ ਸੰਗਿ ॥੧॥ ਰਹਾਉ ॥
ਜਨ ਕੇ ਚਰਨ ਵਸਹਿ ਮੇਰੇ ਹੀਅਰੈ, ਸੰਗਿ ਪੁਨੀਤਾ ਦੇਹੀ ॥
ਜਨ ਕੀ ਧੂਰਿ ਦੇਹੁ ਕਿਰਪਾ ਨਿਧਿ, ਨਾਨਕ ਕੈ ਸੁਖ ਏਹੀ ॥੨॥੪॥੩੫॥

(ਧਨਾਸਰੀ ਮਹਲਾ ੫

ਉਪ੍ਰੰਤ ਸੰਗਤ ਵਿਚੋਂ ਪੰਜ ਸਿੰਘ ਚੁਣੇ ਗਏ, ਜਿਨ੍ਹਾਂ ਨੇ ਸਰਬ-ਸੰਮਤੀ ਨਾਲ ਪਰਚੇ ਦਾ ਸਿਰਲੇਖ "ਸੂਰਾ" ਪਾਸ ਕੀਤਾ। ਇਸ ਪਰਚੇ ਨੂੰ ਪ੍ਰਕਾਸ਼ਤ ਕਰਨ ਦੀ ਸੇਵਾ ਦਾਸ ਨੂੰ ਦਿਤੀ ਗਈ ਹੈ। ਸੋ ਅਸਲ ਵਿਚ ਇਸ ਪਰਚੇ ਨੂੰ ਪ੍ਰਕਾਸ਼ਿਤ ਕਰਨ ਦਾ ਸਿਹਰਾ ਪਟਿਆਲੇ ਦੀ ਸੰਗਤ ਦੇ ਸਿਰ ਹੀ ਹੈ। ਕੁਝ ਗੁਰਮੁਖ ਪਿਆਰਿਆਂ ਦੀ ਇਹ ਸੱਧਰ ਸੀ ਕਿ ਪੋਹ ਸੁਦੀ ਸਪਤਮੀ ਦੇ ਲੁਧਿਆਣਾ ਸਮਾਗਮ ਸਮੇਂ ਪਹਿਲਾ ਪਰਚਾ ਜ਼ਰੂਰ ਪ੍ਰਕਾਸ਼ਿਤ ਹੋ ਜਾਵੇ।

ਪ੍ਰੰਤੂ ਕਈ ਕਾਰਨਾਂ ਕਰਕੇ ਅਸੀਂ ਉਸ ਸਮੇਂ ਪਰਚਾ ਪ੍ਰਕਾਸ਼ਿਤ ਨਾ ਕਰ ਸਕੇ। ਜਿਨ੍ਹਾਂ ਵਿਚੋਂ ਦੋ ਕਾਰਨ ਤਾਂ ਇਹ ਸਨ, ਇਕ ਮਾਇਕ ਔਕੜ ਤੇ ਦੂਜਾ ਸਰਕਾਰੀ ਮਨਜ਼ੂਰੀ ਸੀ। ਹੁਣ ਮਨਜ਼ੂਰੀ ਵੀ ਪ੍ਰਾਪਤ ਹੋ ਗਈ ਤੇ ਪਟਿਆਲੇ ਦੀ ਸੰਗਤ ਨੇ ਦੋ ਸੌ ਦਮੜਾ ਭੇਜਿਆ ਹੈ, ਜਿਸ ਨਾਲ ਅਸੀਂ ਆਪ ਜੀ ਦੀ ਅਮਾਨਤ ਆਪ ਤਕ ਪੁਚਾਉਣ ਵਿਚ ਸਫਲ ਹੋਏ ਹਾਂ।

ਇਸ ਪਹਿਲੇ ਪਰਚੇ ਲਈ ਜਿਨ੍ਹਾਂ ਜਿਨ੍ਹਾਂ ਸਜਣਾਂ ਨੇ ਸਾਨੂੰ ਆਪਣੀਆਂ ਰਚਨਾਵਾਂ ਪੇਸ਼ ਕੀਤੀਆ ਹਨ, ਅਸੀਂ ਉਨ੍ਹਾਂ ਸਾਰਿਆਂ ਦੇ ਧੰਨਵਾਦੀ ਹਾਂ। ਆਸ ਕਰਦੇ ਹਾ ਕਿ ਅਗੋਂ ਵੀ ਲੇਖਕ ਜਨ ਅਤੇ ਸਰਬ ਸੰਗਤਾਂ ਇਸ ਪਰਚੇ ਨੂੰ ਸਹੀ ਅਰਥਾਂ ਵਿਚ ਗੁਰਮਤ ਪਰਚਾਰਕ ਮਾਸਕ ਪੱਤਰ ਬਣਾਉਣ ਵਿਚ ਪ੍ਰਬੰਧਕਾਂ ਦਾ ਹਥ ਵਟਾਉਣਗੀਆਂ।

ਅੰਤ ਵਿਚ ਸੰਗਤਾਂ ਪਾਸ ਦੋ ਕਰ ਜੋੜ ਬੇਨਤੀ ਹੈ ਕਿ ਇਹ ਪਰਚਾ ਸੰਗਤ ਦਾ ਹੈ, ਇਸ ਲਈ ਸੰਗਤ ਨੇ ਹੀ ਇਸ ਨੂੰ ਚਲਾਉਣਾ ਹੈ। ਇਸ ਹਥਲੇ ਪਰਚੇ ਬਾਰੇ ਆਪਣੇ ਸ਼ੁਭ ਵਿਚਾਰ ਤੇ ਅਗੋਂ ਇਸ ਨੂੰ ਪੂਰਨ ਤੌਰ ਤੇ "ਗੁਣਾਂ ਕਾ ਵਾਸਲਾ" ਬਣਾਉਣ ਲਈ ਆਪਣੀਆਂ ਅਮੋਲਕ ਰਾਵਾਂ ਭੇਜਣ ਦੇ ਨਾਲ ਹੀ, ਆਪਣੀ ਪਹੁੰਚ ਵਾਲੇ ਹਰ ਗੁਰਸਿਖ ਪਰਵਾਰ ਵਿਚ ਇਸ ਪਰਚੇ ਨੂੰ ਪਹੁੰਚਾਣ ਵਿਚ ਸਹਾਇਕ ਬਣੋਗੇ। (ਐਡੀਟਰ)


www.AKJ.Org

## "ਸਜਣ ਮੈਡੇ ਰੰਗੁਲੇ ਜਾਇ ਸੁਤੇ ਜੀਰਾਣਿ ॥"

ਗੁਰਮੁਖ ਪਿਆਰੇ ਭਾਈ ਸਾਹਿਬ ਸੰਤ ਜਵਾਲਾ ਸਿੰਘ ਜੀ [ਅਨੰਦਪੁਰ ਕਿਲੌੜ] ਜਿਨ੍ਹਾਂ ਨੇ ਆਪਣੀ ਸਾਰੀ ਆਯੂ, ਗੁਰਮੁਖ ਪਿਆਰੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਲ ਗੁਰਮਤ ਪ੍ਰਚਾਰ ਕਰਦਿਆਂ ਬਤੀਤ ਕੀਤੀ, ਜੋ ਜੱਥੇ ਦੇ ਮੋਢੀ ਸਿੰਘਾਂ ਵਿਚੋਂ ਇਕ ਮਹਾਨ ਤੇ ਨਿਰਮਾਨ ਸ਼ਖਸੀਅਤ ਰਖਣ ਵਾਲੇ ਸਨ, ਮਿਤੀ ੯. ੧੨. ੬੫ ਨੂੰ ਚੰਡੀਗੜ੍ਹ ਹਸਪਤਾਲ ਵਿਚ ਗੁਰਪੁਰੀ ਸਿਧਾਰ ਗਏ। ਭਾਵੇਂ ਆਪ ਜੈਸੀਆਂ ਰੂਹਾਂ ਹਰ ਦਰਿ ਪੈਨਾਈਆਂ ਜਾਂਦੀਆਂ ਹਨ, ਪਰ ਪਿਛੇ ਰਹਿ ਗਏ, ਉਨ੍ਹਾਂ ਦੀ ਜੀਵਨ-ਛੁਹ ਤੋਂ ਵਰੋਸਾਏ ਜਾਂਦੇ ਸਾਥੀਆਂ ਨੂੰ, ਖਾਸ ਕਰ ਕੇ ਉਨ੍ਹਾਂ ਨੂੰ ਜੋ ਗੁਰਮਤਿ ਮਾਰਗ ਦੀ ਹਾਲੀ ਆਰੰਭਲੀਆਂ ਅਵਸਥਾਵਾਂ ਵਿਚ ਹਨ, ਬੜੀ ਵੱਡੀ ਘਾਟ ਪੈਂਦੀ ਹੈ। ਆਪ ਜੀ ਅੰਤਲੀ ਆਯੂ ਵਿਚ ਪੰਜਾਬ ਦੇ ਵਖ ਵਖ ਹਿਸਿਆਂ ਵਿਚ, ਰੈਣ ਸਬਾਈ ਕੀਰਤਨਾਂ ਤੇ ਅਖੰਡ ਪਾਠਾਂ ਦਾ ਪ੍ਰਬੰਧ ਕਰਕੇ, ਗੁਰਮਤ ਦਾ ਸੱਚਾ ਸੁੱਚਾ ਪਰਚਾਰ ਕਰਦੇ ਰਹੇ। ਅਕਾਲ ਪੁਰਖ ਅਗੇ ਬੇਨਤੀ ਹੈ ਕਿ ਆਪ ਦੇ ਸਰੀਰਕ ਵਿਛੋੜੇ ਰਾਹੀਂ ਜੋ ਜੀਵਨ-ਛੁਹ ਦੀ ਘਾਟ, ਅਸਾਂ ਵਰਗੇ ਅਲ੍ਹੜ ਪਾਂਧੀਆਂ ਨੂੰ ਪਈ ਹੈ, ਉਹ ਸਾਡੇ ਸਾਹਵੇਂ ਗੁਰਮਤ ਜੀਵਨ ਵਾਲੀਆਂ ਹਸਤੀਆਂ ਲਿਆ ਕੇ, ਪਰੇਰਨਾ ਅਤੇ ਉਤਸ਼ਾਹ ਪੈਦਾ ਕਰਦਾ ਰਹੇ।

## ਬੇਨਤੀ

ਗੁਰਮੁਖ ਪਿਆਰੇ ਭਾਈ ਸਾਹਿਬ ਸੰਤ ਜਵਾਲਾ ਸਿੰਘ ਜੀ (ਅਨੰਦਪੁਰ ਕਿਲੌੜ) ਦੇ ਜੀਵਨ ਦੇ ਬਾਰੇ ਜਿਨਾਂ ਸਿੰਘਾਂ ਨੂੰ ਜਿਤਨੀ ਵੀ ਵਾਕਫੀਅਤ ਹੋਵੇ ਉਹ ਕ੍ਰਿਪਾ ਕਰਕੇ ਫਰਵਰੀ ਦੇ ਮਹੀਨੇ ਦੇ ਅੰਦਰ ੨ ਹੇਠ ਲਿਖੇ ਪਤੇ ਤੇ ਭੇਜਣ ਦੀ ਖੇਚਲ ਕਰਨ, ਤਾਂ ਜੋ ਮਾਰਚ ਦੇ ਮਹੀਨੇ ਦੇ ਪਰਚੇ ਵਿਚ ਸੰਗਤਾਂ ਨੂੰ ਉਹਨਾਂ ਦੇ ਪੂਰਨ ਗੁਰਮਤਿ ਅਨੁਸਾਰ ਬਤੀਤ ਕੀਤੇ ਜੀਵਨ ਤੋਂ ਜਾਣੂ ਕਰਵਾਇਆ ਜਾ ਸਕੇ।

ਮੈਨੇਜਰ "ਸੂਰਾ"
ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ

www.AKJ.Org

# ਸੱਚੀ ਸੂਰਮਤਾਈ

(ਗੁਰਪੁਰਵਾਸੀ ਭਾ: ਸਾਹਿਬ ਭਾ: ਰਣਧੀਰ ਸਿੰਘ)

ਅਸਲ ਸੂਰਮੇ ਉਹ ਨਹੀਂ, ਹਰਗਿਜ਼ ਨਹੀਂ ਕਹਾ ਸਕਦੇ, ਜੋ ਮਨ ਦੇ ਹੰਕਾਰ ਕਰਕੇ ਲੜ ਭਿੜ ਮਰਦੇ ਹਨ। ਨਿਸ਼ਕਾਮ ਸੂਰਮਤਾਈ, ਸੱਚੀ ਸੂਰਮਤਾਈ ਕੇਵਲ ਗੁਰੂ ਘਰ ਦੇ ਵਰੋਸਾਏ ਗੁਰਮੁਖ ਜਨਾਂ ਦੀ ਆਤਮਾਂ ਅੰਦਰ ਹੀ ਆ ਸਕਦੀ ਹੈ। ਗੁਰੂ ਨਾਨਕ ਸਾਹਿਬ ਦੇ ਘਰ ਨਾਮ ਰੰਗ-ਰਤੜੇ, ਗੁਰਮੁਖ ਜਨ ਹੀ ਸੱਚੇ ਸੂਰਮੇ ਹੋ ਸਕਦੇ ਹਨ। ਯਥਾ ਗੁਰਵਾਕ:-

"ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ ॥"

ਸਪਸ਼ਟ ਭਾਵ ਹੈ, ਅਤੇ ਸੱਚੇ ਸੂਰਮੇ ਦੀ ਗੁਰਮੁਖ ਡੈਫੀਨੀਸ਼ਨ ਕਿਆ ਸੁੰਦਰ ਦਸੀ ਕਿ ਸੱਚਾ ਸੂਰਮਾ ਸਚ ਮੁੱਚ ਉਹੀ ਹੈ, ਜਿਸਨੂੰ ਵਾਹਿਗੁਰੂ ਨਾਮ ਦੇ ਰੰਗ ਪ੍ਰਤਾਪ ਹਨ; ਵਾਹਿਗੁਰੂ ਨਾਮ ਦੇ ਰੰਗਾਂ ਵਿਚ ਹੀ ਆ ਕੇ ਦੇਹ ਬਿਦੇਹ ਹੋ ਕੇ ਸੱਚੇ ਆਤਮ ਰਸ ਰੰਗ ਖਿੜਦੇ ਹਨ ਅਤੇ ਆਤਮ ਰੰਗ ਖਿੜੇ ਬਾਝੋਂ ਮਨੂਆ ਜਿਤਿਆ ਨਹੀਂ ਜਾ ਸਕਦਾ ਅਤੇ ਨਾ ਹੀ ਨਿਸ਼ਕਾਮ ਭਗਤੀ ਅਤੇ ਸੱਚੀ ਉਪਕਾਰ ਗੀਧੀ ਨਿਰੋਲ ਸੂਰਮਤਾਈ ਹਿਰਦੇ ਅੰਦਰ ਪ੍ਰਵੇਸ਼ ਹੁੰਦੀ ਹੈ। ਜਿਸ ਜਨ ਨੇ ਆਪਣਾ ਆਤਮਾ ਜਿਣ ਲਿਆ, ਉਹ ਜਨ ਹੀ ਬਪਰਵਾਹ ਅਤੇ ਬੇ-ਮੁਹਤਾਜ ਹੋ ਕੇ ਜਗਤਕਾਰ ਨੂੰ ਮਿਟਾ ਮੁਟਾ ਕੇ ਸਾਰੇ ਜਗਤ ਨੂੰ ਵਸਗੱਤ ਕਰ ਸਕਦਾ ਹੈ। ਪ੍ਰੰਤੂ ਇਹ ਬੇਪਰਵਾਹੀ ਅਤੇ ਬੇ ਮੁਹ-ਤਾਜੀ, ਸੱਚੀ ਕੁਰਬਾਨੀ ਕੇਵਲ ਉਸ ਗੁਰਮੁਖ ਜਨ ਦੇ ਅੰਦਰ ਹੀ ਆ ਸਕਦੀ ਹੈ, ਜਿਸ ਨੂੰ ਸੱਚੇ ਸਤਿਗੁਰੂ ਦੀ ਸੱਚੀ ਗੁਰਦੀਖਿਆ ਪ੍ਰਾਪਤ ਹੋ ਗਈ ਹੋਵੇ। ਸੱਚਾ ਸਤਿਗੁਰੂ, ਗੁਰੂ ਬਾਝੋਂ ਹੋਰ ਕੋਈ ਨਹੀਂ ਹੋ ਸਕਦਾ। ਤਾਂ ਤੇ ਸਿਰ ਧੜ ਦੀ ਬਾਜੀ ਲਾਉਣ ਵਾਲੀ ਸੱਚੀ ਸੂਰਬੀਰਤਾ ਗੁਰੂ ਘਰ ਦੇ ਰੰਗ ਰਤੜੇ ਗੁਰਮੁਖ ਜਨਾਂ ਦੇ ਨਿਰਭੈ ਆਤਮਾ ਵਿਖੇ ਹੀ ਆ ਸਕਦਾ ਹੈ। ਆਤਮ ਰੰਗਾਂ ਵਿਚ ਵਾਹਿਗੁਰੂ ਦੀ ਸਿਫਤ ਸਲਾਹ ਕਰਨ ਹਾਰੇ, ਵਾਹਿਗੁਰੂ ਦਾ ਜਸ ਗਾਵਣਹਾਰੇ ਨਿਸ਼ਕਾਮ ਗੁਰਮੁਖ ਭਗਤ ਜਨਾਂ ਦੇ ਆਤਮਾ ਜੀਵਨ ਅੰਦਰ ਹੀ ਪਰਵੇਸ਼ ਹੋ ਸਕਦੀ ਹੈ। ਇਸ ਬਿਧਿ ਪਰਵੇਸ਼ ਹੋਈ ਆਤਮ



www.AKJ.Org

ਕਣੀ ਜਿਸ ਮਨ ਅੰਦਰ ਮੌਜੂਦ ਹੈ, ਉਸ ਦੇ ਆਤਮਾ ਰੰਗ ਰਤੜੇ ਜੀਵਨ ਅੰਦਰ ਹੀ ਸੱਚੀ ਸੂਰਬੀਰਤਾ ਵਾਲੀ ਸੱਚੀ ਸਪਿਰਟ ਆ ਸਕਦੀ ਹੈ।

ਗੁਰੂ ਘਰ, (ਗੁਰੂ ਨਾਨਕ ਸਾਹਿਬ) ਦਾ ਬਖਸ਼ਿਆ ਹੋਇਆ ਚਲੂਲਾ ਰੰਗ ਹੀ ਸਹਿਜ ਅਵੱਸਥਾ ਨੂੰ ਅਪੜਾ ਸਕਦਾ ਹੈ, ਇਸ ਸਹਿਜ ਅਵਸਥਾ ਵਿਚ ਲੀਨ ਹੋਏ ਬਾਝੋਂ ਸੱਚੀ ਨਿਰਭੈਤਾ ਨਹੀਂ ਉਪਜਦੀ ਅਤੇ ਤਿਥੇ ਹੀ ਆਤਮ ਰੰਗਾਂ ਵਾਲੀ ਨਿਸ਼ਕਾਮ ਸੂਰ-ਬੀਰਤਾ ਉਪਜਦੀ ਹੈ। ਤਾਂ ਤੇ ਗੁਰੂ ਘਰ ਦੇ ਆਤਮ ਜੀਵਨ ਵਾਲੇ ਰੰਗ ਰੱਤੜੇ ਸੱਚੇ ਗੁਰਮੁਖ ਜਨਾਂ ਅੰਦਰ ਹੀ ਸੱਚੀ ਸੂਰਮਤਾਈ ਉਪਜਦੀ ਹੈ। "ਆਤਮ ਜਿਣੈ ਸਗਲ ਵਸ ਤਾਕੈ ਜਾ ਕਾ ਸਤਿਗੁਰ ਪੂਰਾ ॥" ਮਈ ਗੁਰ ਸੱਚੀ ਵਾਕ ਪੰਗਤੀ ਨੇ ਸਪਸ਼ਟ ਹੀ ਫੈਸਲਾ ਕਰ ਦਿਤਾ ਕਿ ਸਤਿਗੁਰੁ ਪੂਰੇ ਦੀ ਗੁਰ ਦੀਖਿਆ ਜਿਸਨੂੰ ਪ੍ਰਾਪਤ ਹੋਈ ਹੈ, ਉਹੀ ਸੱਚਾ ਸੂਰਮਾ ਬਣ ਸਕਦਾ ਹੈ। ਇਸ ਗਲ ਵਿਚ ਰੰਚਕ ਸੰਦੇਹ ਨਹੀਂ ਕਿ "ਗੁਰ ਪੂਰੇ ਵਾਲੀ" ਸੱਚੀ ਘਟਨਾ ਕੇਵਲ ਗੁਰੂ ਨਾਨਕ ਸਾਹਿਬ ਅਤੇ ਗੁਰ ਨਾਨਕ ਸਾਹਿਬ ਦੇ ਦਸੇ ਗੁਰ ਜਾਮਿਆਂ ਉਪਰ ਘਟ ਸਕਦੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਸਪਸ਼ਟ ਫੈਸਲਾ ਕਰ ਦਿਤਾ ਹੋਇਆ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਿਆਈ ਪਿਛੋਂ ਕਚ ਪਿਚ ਪੂਰੇ ਸੂਰੇ ਦੇਹ ਧਾਰੀ ਗੁਰੂਆਂ ਦਾ ਸਿਲ ਸਿਲਾ ਉਕਾ ਹੀ ਮੁੱਕ ਚੁੱਕਾ ਹੈ। ਸਤਿਗੁਰ ਨਾਨਕ ਸਾਹਿਬ ਬਾਝੋਂ ਹੋਰ ਪੂਰਾ ਗੁਰੂ ਕੋਈ ਨਹੀਂ ਕਹਾ ਸਕਦਾ। ਗੁਰ ਨਾਨਕ ਸਚਾ ਪਾਤਸ਼ਾਹ ਰੰਗ ਰਤੜੇ ਗੁਰਮੁਖ ਜਨਾਂ ਦੇ ਰੰਗ ਰਤੜੇ ਘਟਾਂ ਅੰਦਰ ਹਰ ਦਿਨ ਮੌਜੂਦ ਹੈ ਅਤੇ ਜਿਹੋ ਜੇਹੀ ਸ਼ਰਧਾ ਕਰ ਗੁਰ ਨਾਨਕ ਸਾਹਿਬ ਜੀ ਨੂੰ ਅਰਾਧਦੇ ਹਨ, ਤਿਥੇ ਹੀ ਗੁਰੂ ਨਾਨਕ ਸਚਾ ਪਾਤਸ਼ਾਹ ਪੂਰਾ ਗੁਰੂ ਨਾਨਕ ਸਾਹਿਬ ਪੂਰੀ ਬਣਤ ਬਣਾਇ ਕੇ ਪਰਤੱਖ ਦਰਸ਼ਨ ਦਿਖਾਇ ਦਿੰਦਾ ਹੈ। ਤਾਂ ਤੇ ਪੂਰੇ ਅਪੂਰੇ ਕੱਚ ਪਿਚੇ ਗੁਰੂ ਦੀ ਗੁੰਜਾਇਸ਼ ਹੀ ਨਹੀਂ ਰਹਿੰਦੀ। ਸੱਚਾ ਸਤਿਗੁਰੂ "ਸਤਿਗੁਰ ਬਾਝੋਂ ਗੁਰੁ ਨਹੀਂ ਕੋਈ"। ਨਿਰਸੰਦੇਹ ਹੈ ਹੀ ਨਹੀਂ। ਤਾਂ ਤੇ ਗੁਰੂ ਘਰ ਗੁਰੂ ਸਾਹਿਬ ਸੱਚੇ ਸਤਿਗੁਰੂ ਦ ਦੀਖਿਅਕ ਗੁਰਮੁਖ ਜਨ ਨੂੰ ਹੀ ਇਹ ਵਡਾਈ ਪ੍ਰਾਪਤ ਹੈ! ਜਿਸ ਦੇ ਸਿਰ ਉਪਰ ਸਦਾ ਸਦਾ ਸੱਚਾ ਸਤਿਗੁਰੂ ਨਾਨਕ ਦੇਵ ਹਰ ਦਮ ਹਾਜ਼ਰ ਨਾਜ਼ਰ ਹੈ, ਉਸ ਨੂੰ ਕਿਸੇ ਵੀ ਗਲ



www.AKJ.Org

ਦੀ ਥੁੜ ਨਹੀਂ ਰਹਿੰਦੀ। ਯਥਾ ਗੁਰਵਾਕ:-

ਸਿਰ ਊਪਰ ਠਾਢਾ ਗੁਰ ਸੂਰਾ ॥
ਨਾਨਕ ਤਾ ਕੇ ਕਾਰਜ ਪੂਰਾ ॥''

ਇਸ ਬਿਧ ਸਚ ਸਤਿਗੁਰੂ ਨੂੰ ਜੋ ਰੰਗ ਰਤੜਾ ਗੁਰਮੁਖ ਜਨ ਹਰਦਮ ਹਿਰਦੇ ਵਿਚ ਵਸਾਈ ਰਖਦਾ ਹੈ, ਕੇਵਲ ਉਸੇ ਜਨ ਨੂੰ ਹੀ ਸੱਚੀ ਸੂਰਮਤਾਈ ਦੀ ਦਾਤ ਪ੍ਰਾਪਤ ਹੁੰਦੀ ਹੈ। ਗੁਰਮਤਿ ਅਨੁਸਾਰ ਸੱਚਾ ਸੂਰਮਾ ਸੋਈ ਕਹਾ ਸਕਦਾ ਹੈ, ਜਿਸਨੂੰ ਸਚੇ ਸਤਿਗੁਰੂ ਦੀ ਨਿਕਟਤਾਈ ਵਾਲੀ ਸੱਚੀ ਦਾਤ ਪ੍ਰਾਪਤ ਹੋਵੇ। ਸਚ ਨਿਰਭੈ ਸੂਰਮੇ ਗੁਰੂ ਘਰ ਅੰਦਰ ਹੀ ਉਪਜੇ ਹਨ ਤੇ ਸਦਾ ਗੁਰੂ ਅੰਦਰ ਹੀ ਉਪਜਨਗੇ। ਤਿਨ੍ਹਾਂ ਨੂੰ ਗੁਰੂ ਨਾਨਕ ਸਾਹਿਬ ਸਚੇ ਪਾਤਸ਼ਾਹ ਦੀ ਜੁਗ ਜੁਗ ਵਡਿਆਈ ਅਤੇ ਨਿਕਟਤਾਈ ਪ੍ਰਾਪਤ ਹੁੰਦੀ ਰਹੇਗੀ, ਤਿਨ੍ਹਾਂ ਨੂੰ ਨਿਜ ਨਿਸ਼ਕਾਮ ਸੂਰਮਤਾ ਵਾਲੀ ਸਚੀ ਸੂਰਮਤਾ ਵਾਲੀ ਸਚੀ ਸਪਿਰਟ ਪ੍ਰਾਪਤ ਰਹੇਗੀ। ਉਹ ਸਦਾ ਹੀ ਜੰਗਾਂ ਜੁੱਧਾਂ ਵਿਚ ਨਿਰਭੈ ਅਤੇ ਬੇਪ੍ਰਵਾਹ ਹੋ ਕੇ ਆਤਮ ਰੰਗਾਂ ਵਿਚ ਜੂਝਨਗੇ। ਸਚੀ ਸੂਰਬੀਰਤਾ ਤਿਨ੍ਹਾਂ ਦੇ ਵਿਰਸੇ ਵਿਚ ਸਦੀਵ ਲਈ ਮਖਸੂਸ ਰਹੇਗੀ ਅਤੇ ਮਖਸੂਸ ਹੁੰਦੀ ਚਲੀ ਆਉਂਦੀ ਹੈ। ਸੱਚੇ ਸੂਰਮਿਆਂ ਵਾਲੀ ਸੱਚੀ ਸੂਰਮਗਤੀ ਕੇਵਲ ਤਿਨ੍ਹਾਂ ਨੂੰ ਹੀ ਪ੍ਰਾਪਤ ਹੋ ਸਕਦੀ ਹੈ, ਜੋ ਆਤਮ ਰੰਗਾਂ ਵਿਚ ਰੰਗੀਜ ਕੇ ਕੇਵਲ ਗੁਰੂ ਪਰਾਇਣ ਹੋ ਕੇ ਸਿਰ ਲੱਥ ਸਿਰ ਧੜ ਦੀ ਬਾਜ਼ੀ ਲਾਉਣਗੇ। ਆਤਮ ਜੀਵਨੀ ਰੰਗ ਦੇ ਚਲੂਲੇ ਰਗ ਕੇਵਲ ਸਚ ਗੁਰ ਭਗਤੀ ਦੇ ਆਸਰੇ ਹੀ ਗੁਰਮੁਖ ਰੰਗ ਰੱਤੜੀਆਂ, ਰੂੜ੍ਹੀਆਂ ਰੂਹਾਂ ਅੰਦਰ ਪ੍ਰਵੇਸ਼ ਹੋ ਸਕਦੇ ਹਨ। ਅਤੇ ਤਿਨ੍ਹਾਂ ਨੂੰ ਹੀ ਸੱਚੀ ਸੂਰਮਤਾਈ ਵਾਲੇ ਸੁਭਾਗ ਪ੍ਰਾਪਤ ਹੁੰਦੇ ਹਨ।

"ਸੋ ਸੂਰਾ ਵਰਿਆਮੁ ਜਿਨਿ ਵਿਚਹੁ ਦੁਸ਼ਟ ਅਹੰਕ੍ਰਣ ਮਾਰਿਆ ॥''

ਗੁਰਵਾਕ ਦੇ ਭਾਵ ਅਨੁਸਾਰ ਸੱਚਾ ਸੂਰਮਾ ਅਤੇ ਬਹਾਦਰ ਸੋਈ ਜਨ ਹੈ, ਜਿਸ ਨੇ ਆਪਣੇ ਅੰਦਰੋਂ ਦੁਸ਼ਟ 'ਅਹੰਕਰਣ ਮਈ' ਹਉਮੈ ਦਾ ਬਿਨਾਸ ਅਤੇ ਬੀਜਨਾਸ਼ ਕੀਤਾ ਹੈ, ਇਸ ਹਉਮੈ ਦਾ ਬਿਨਾਸ ਗੁਰਮਤਿ ਨਾਮ ਅਭਿਆਸ ਦੀ ਅਥਾਹ ਕਮਾਈ ਦੁਆਰਾ ਹੀ ਹੋ ਸਕਦਾ ਹੈ, ਗੁਰਮਤਿ ਨਾਮ ਅਭਿਆਸ ਕਮਾਈ ਦੇ ਪ੍ਰਤਾਪ ਕਰਕੇ ਹੀ ਹਉਮੈ ਰਹਿਤ ਸੱਚੀ ਗਰੀਬੀ [ਨਿਮ੍ਰਤਾ]



www.AKJ.Org

ਆਉਂਦੀ ਹੈ, ਜਿਸ ਦੇ ਅੰਦਰ ਇਹ ਨਿਮ੍ਰਤਾ ਨਹੀਂ ਆਈ ਅਤੇ ਜਿਸਦੇ ਅੰਦਰੋਂ ਹਉਮੈ ਦਾ ਬਿਨਾਸ਼ ਨਹੀਂ ਹੋਇਆ, ਉਸ ਦੇ ਅੰਦਰ ਸੱਚੀ ਸੂਰਮਤਾ ਕਦੇ ਆ ਹੀ ਨਹੀਂ ਸਕਦਾ, ਯਥਾ:–

"ਸੂਰੇ ਏਹਿ ਨ ਆਖੀਅਹਿ ਅਹੰਕਾਰਿ ਮਰਹਿ ਦੁਖ ਪਾਵਹਿ ॥"

ਬਲਕਿ ਸੱਚਾ ਸੂਰਮਾ ਉਹ ਹੈ, ਜੈਸੇ ਕਿ ਅਗਲੇ ਗੁਰਵਾਕ ਦਾ ਭਾਵ ਹੈ:–

"ਸੂਰਬੀਰ ਧੀਰਜ ਮਤਿ ਪੂਰਾ ॥ ਸਹਜ ਸਮਾਧਿ ਧੁਨਿ ਗਹਿਰ ਗੰਭੀਰਾ ॥"

ਇਸ ਗੁਰਵਾਕ ਦੇ ਭਾਵ ਅਨੁਸਾਰ ਸਚੀ ਬੀਰਤਾ ਵਾਲਾ ਸੂਰਮਾ ਸੋਈ ਹੈ, ਜਿਸ ਦੇ ਅੰਤਰ ਆਤਮੇ ਸੱਚੀ ਧੀਰਜ ਰੂਪੀ ਸ਼ਾਂਤ ਮਈ ਆਉਂਦੀ ਹੈ, ਇਹ ਸੱਚੀ ਸ਼ਾਂਤਮਈ ਕੇਵਲ ਗੁਰਮਤਿ ਨਾਮ ਅਭਿਆਸ ਕਮਾਈ ਦੁਆਰਾ ਆ ਸਕਦੀ ਹੈ, ਗੁਰਮਤ ਦੇ ਰੰਗਾਂ ਵਿਚ ਰੰਗੀਜ ਕੇ ਨਾਮ ਅਭਿਆਸੀ ਜਨ ਦੀ ਐਸੀ ਸਹਿਜ ਸਮਾਧੀ ਲਗਦੀ ਹੈ ਕਿ ਉਸ ਨੂੰ ਆਪਣੇ ਸਰੀਰਕ ਅੰਗਾਂ ਦੀ ਸੁਧ ਬੁਧ ਹੀ ਨਹੀਂ ਰਹਿੰਦੀ। ਉਹ ਗਹਿਰ ਗੰਭੀਰੇ ਰੰਗਾਂ ਵਿਚ ਲਿਵ ਲੀਣ ਹੋ ਜਾਂਦਾ ਹੈ। ਜਿਸਦੇ ਆਪੇ ਦਾ ਅਭਾਵ ਨਹੀਂ ਹੋਇਆ, ਉਸ ਨੇ ਹੋਰਤ ਜਗਤ ਨੂੰ ਕੀ ਪ੍ਰਬੋਧਨਾ ਸੋਧਨਾ ਹੈ। ਜਿਸਦੇ ਅੰਦਰੋਂ ਅਹੰਕਾਰ ਨਹੀਂ ਮਰਿਆ, ਉਸਨੇ ਦੂਜਿਆਂ ਨੂੰ ਕੀ ਮਾਰ ਸਕਣਾ ਹੈ। ਜਿਸਦਾ ਅੰਦਰਲਾ ਭਉ ਨਹੀਂ ਗਿਆ, ਉਹ ਪੁਰਸ਼ ਹੋਰਨਾਂ ਤੇ ਭਾਰੂ ਹੋ ਹੀ ਨਹੀਂ ਸਕਦਾ। ਅੰਦਰਲੇ ਭਉ ਗਏ ਬਿਨਾਂ ਨਿਰਭੈਤਾ [ਸਚੀ ਸੂਰਮਤਾ] ਆ ਹੀ ਨਹੀਂ ਸਕਦੀ। ਗੁਰਮਤਿ ਨਾਮ ਅਭਿਆਸ ਦੀ ਅਤੁਟ ਕਮਾਈ ਦੇ ਤੁਫੈਲ ਸੱਚੇ ਸਹਿਜ ਰੰਗਾਂ ਵਿਚ ਲੀਣ ਹੋ ਕੇ ਸੱਚੀ ਨਿਰਭੈਤਾ ਪ੍ਰਾਪਤ ਹੋਈ ਬਾਝੋਂ, ਸਚੀ ਸੂਰਮਤਾ ਕਿੱਥੇ? ਸੱਚੇ ਸੂਰਮੇ ਉਹ ਹਨ, ਜੋ ਆਪਾ ਖੋਇਕੇ ਆਪਾ ਬਿਗੋਇ ਇਸ ਲੋਕ ਅੰਦਰ ਅਤੇ ਪਰਲੋਕ ਅੰਦਰ ਸੱਚੜਾ ਮਾਣ ਪਾਉਂਦੇ ਹਨ। ਯਥਾ ਗੁਰਵਾਕ:–

"ਸੂਰੇ ਸੇਈ ਆਖੀਅਹਿ ਆਗੈ ਦਰਗਹਿ ਪਾਵਹਿ ਸਾਚੀ ਮਾਣੋ ॥"

ਸੱਚ ਸੂਰਮਾ ਉਹੀ ਹੈ ਜਿਸ ਨੇ ਪ੍ਰਿਥਮ ਆਪਣਾ ਆਪ ਮਿਟਾਇਆ ਹੈ ਤੇ ਆਪਣਾ ਆਪ ਮਿਟਾਇਕੇ ਹੀ ਸਚੀ ਦੀਨਤਾ [ਗ਼ਰੀਬੀ] ਆਉਂਦੀ ਹੈ। ਐਸੀ ਦੀਨਤਾ ਵਾਲਾ ਗੁਰਮੁਖ ਜਨ ਹੀ ਅੰਦਰੋਂ ਬਾਹਰੋਂ ਦੀਨ ਗ਼ਰੀਬ



www.AKJ.Org

ਹੋਇਕੇ ਦੀਨਾਂ ਗਰੀਬਾਂ ਲਈ ਜੂਝ ਸਕਦਾ ਹੈ। ਯਥਾ ਗੁਰਵਾਕ:-

"ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨ ਕੇ ਹੇਤ ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨਾ ਛਾਡੈ ਖੇਤੁ ॥"

ਆਪਾ ਪ੍ਰਸਤ ਆਦਮੀ ਜਿਸ ਨੇ ਆਪਣੇ ਤਨ ਦੀ ਰਖਿਆ ਨੂੰ ਹੀ ਮੁੱਖ ਰਖਿਆ ਹੈ, ਉਹ ਐਵੇਂ ਹੀ ਡਰ ਡਰ ਮਰਦਾ ਹੈ, ਅਤੇ ਇਸ ਮਰਨ ਤੋਂ ਬਚਣ ਲਈ ਬ੍ਰਿਥਾ ਹੀ ਆਪਣੇ ਆਪ ਨੂੰ ਲਕੋਂਦਾ ਫਿਰਦਾ ਹੈ, ਉਸਨੇ ਪਰਉਪਕਾਰ ਦੀ ਖਾਤਰ ਕੀ ਮਰਨਾ ਹੋਇਆ, ਜਿਹੜਾ ਸੱਚਾ ਸੂਰਮਾ ਗੁਰਮੁਖ ਜਨ ਹੈ, ਉਹ ਰਣ ਤਤਿਆਂ ਵਿਚ ਵੀ ਨਹੀਂ ਡਰਦਾ। ਯਥਾ ਗੁਰਵਾਕ:-

"ਸੂਰ ਕਿ ਸਨਮੁਖ ਰਨ ਤੇ ਡਰਪੈ"

ਉਹ ਸੂਰਮਾ ਕੀ ਆਖ, ਜੋ ਸਨਮੁਖ ਜੂਝਣੋਂ ਡਰੇ ਅਤੇ ਰਣ ਤੱਤੇ ਵਿਚੋਂ ਭੱਜ ਨਿਕਲੇ। ਜਿਸ ਗੁਰਮੁਖ ਜਨ ਨੇ ਅਥਾਹ ਗੁਰਮਤਿ ਨਾਮ ਦੀ ਕਮਾਈ ਪ੍ਰਤਾਪ ਸੇਤੀ ਆਪਣਾ ਆਪ ਉਕਾ ਹੀ ਗਵਾਇਆ ਹੋਇਆ ਹੁੰਦਾ ਹੈ, ਉਹੀ ਰਣ ਤੱਤੇ ਵਿਚ ਪੂਰਾ ਉਤਰਦਾ ਹੈ। ਗੁਰਮਤਿ ਰੰਗਾਂ ਵਿਚ ਲੀਣ ਹੋ ਕੇ ਉਸ ਨੂੰ ਸਚੀ ਨਿਰਭੈਤਾ ਪ੍ਰਾਪਤ ਹੀ ਰਹਿੰਦੀ ਹੈ। ਉਸ ਨੂੰ "ਮਰਨੇ ਕੀ ਚਿੰਤਾ ਨਹੀਂ ਜੀਵਨ ਕੀ ਨਹੀਂ ਆਸ ॥" ਗੁਰਵਾਕ ਦੇ ਭਾਵ ਅਨੁਸਾਰ ਸਦਾ ਸਦਾ ਲਈ ਆਪਣਾ ਸੀਸ ਤਲੀ ਉਤੇ ਰੱਖੀ ਫਿਰਨ ਲਈ ਗੁਰਦੁਆਰਿਓਂ ਸੱਚੜੀ ਸੂਝ ਬੂਝ ਅਤੇ ਉਤਸ਼ਾਹ ਮਈ ਤਕੀਆ ਤਾਨ ਪ੍ਰਾਪਤ ਹੀ ਰਹਿੰਦਾ ਹੈ। ਪ੍ਰਉਪਕਾਰ ਦੀ ਖਾਤਰ ਉਸਨੂੰ ਮਰ ਮਿਟਣਾ ਖੱਬੇ ਹੱਥ ਦੀ ਖੇਡ ਹੀ ਦਿਸਦੀ ਰਹਿੰਦੀ ਹੈ।

ਤਾਂ ਤੇ ਸਿੱਧ ਹੋ ਗਿਆ ਕਿ ਸੱਚੀ ਸੂਰਮਤਾ ਕੇਵਲ ਗੁਰਮਤਿ ਨਾਮ ਅਭਿਆਸ ਕਮਾਈ ਵਾਲੇ ਗੁਰਮੁਖ ਜਨਾਂ ਨੂੰ ਹੀ ਪ੍ਰਾਪਤ ਹੁੰਦੀ ਹੈ। ਗੁਰੂ ਘਰ ਤੋਂ ਬਾਹਰ ਨਾ ਹੀ ਸੱਚੜੀ ਸ਼ਾਂਤਮਈ (ਧੀਰਜਤਾ) ਨਾ ਹੀ ਸੱਚੀ ਸੂਰਬੀਰਤਾ ਪ੍ਰਾਪਤ ਹੋ ਸਕਦੀ ਹੈ। ਸੱਚੇ ਵਾਹਿਗੁਰੂ ਦੇ ਰੰਗਾਂ ਵਿਚ ਰਤੇ ਬਿਨਾਂ ਸੱਚੀ ਸੂਰਮਤਾ ਆਉਂਦੀ ਹੀ ਨਹੀਂ। ਤਾਂ ਤੇ ਇਹ ਸੱਚੜਾ ਆਤਮ ਚਲੂਲੀ ਰੰਗ, ਜਿਸ ਗੁਰਮੁਖ ਜਨ ਨੂੰ ਹਰਦਮ ਚੜ੍ਹਿਆ ਹੀ ਰਹਿੰਦਾ ਹੈ, ਉਹੀ ਜਨ ਚੜ੍ਹਦੀਆਂ ਕਲਾਂ ਵਾਲੀ ਸਚੜੀ ਸੂਰਬੀਰਤਾ ਦੇ ਰੰਗਾਂ ਵਿਚ ਰਤਿਆ ਮਤਿਆ



www.AKJ.Org

ਜਾਣੋ। ਇਹ ਸੱਚੜਾ ਰੰਗ, ਚੜ੍ਹਦੀਆਂ ਕਲਾਂ ਵਾਲਾ, ਗੁਰੂ ਨਾਨਕ ਸਾਹਿਬ ਦੇ ਘਰ ਅੰਦਰ ਹੀ ਹੈ, ਏਦੂ ਬਾਹਰ ਹਰਗਿਜ਼ ਨਹੀਂ। ਸੱਚੀ ਸੂਰਮਤਾਈ ਭੀ, ਇਨ੍ਹਾਂ ਹੀ ਸੱਚੜੇ ਗੁਰਮਤ ਰੰਗਾਂ ਤੋਂ ਚੜ੍ਹਦੀ ਕਲਾ ਵਿਖੇ ਆਉਂਦੀ ਹੈ। ਸਚੀ ਨਿਮ੍ਰਤਾ, ਸੱਚੜੀ ਸ਼ਾਂਤ ਮਈ, ਗੁਰਮੁਖਾਂ ਦੇ ਹਿਰਦਿਆਂ ਵਿਚ ਹੀ ਵਸਦੀ ਹੈ, ਹੋਰ ਕਿਤੇ ਨਹੀਂ ਅਤੇ ਇਨ੍ਹਾਂ ਆਪਾ ਅਭਾਵ ਹੋਏ, ਸੱਚੇ ਨਿਮਰੀ ਭੂਤ ਰਿਦ ਸ਼ਾਂਤੀਆਂ ਨੂੰ ਹੀ ਗੁਰੂ ਦੁਆਰਿਓਂ ਸਚੜੀ ਸੂਰਮਤਾਈ ਦੀ ਦਾਤ ਮਿਲਦੀ ਹੈ। ਹਉਮੈ ਹੰਕਾਰ ਦੇ ਮਿਟ ਹਟੇ ਬਿਨਾਂ ਨਾ ਹੀ ਸਚੜੀ ਸ਼ਾਂਤਮਈ ਦੀ ਦਾਤ ਇਲਾਹੀ ਨਸੀਬ ਹੁੰਦੀ ਹੈ ਅਤੇ ਨਾ ਹੀ ਇਸ ਸਚੜੀ ਸੂਰਮਤਾਈ ਵਾਲਾ ਸੱਚਾ ਸੂਰਜ ਉਦੇ ਹੁੰਦਾ ਹੈ।

"ਹਉਮੈ ਨਾਵੈ ਨਾਲਿ ਵਿਰੋਧ ਹੈ ਦੁਇ ਨ ਵਸਹਿ ਇਕ ਠਾਇ ॥"

ਗੁਰਵਾਕ ਦਾ ਭਾਵ ਇਹ ਹੈ ਕਿ ਕੇਵਲ ਨਾਮ ਦੁਆਰਾ ਹੀ ਹਉਮੈ ਹੰਕਾਰ ਬਿਨਸਦਾ ਹੈ। ਜਦ ਤਾਈਂ ਇਹ ਮਨ ਹਉਮੈ ਦੀਆਂ ਲਹਿਰਾਂ ਵਿਚ ਹੈ। ਤਦ ਤਾਈਂ ਇਸਦੀ ਘਾਲ ਕਮਾਈ ਭਾਵ ਭਗਤੀ ਮਈ ਸੇਵਾ ਸਭ ਬਿਰਥੀ ਹੀ ਜਾਂਦੀ ਹੈ। ਯਥਾ ਗੁਰਵਾਕ:-

"ਹਉਮੈ ਵਿਚ ਸੇਵਾ ਨਾ ਹੋਵਈ ਤਾ ਮਨ ਬ੍ਰਿਥ ਜਾਇ।"

ਲੋਕੀ ਐਵੇਂ ਹੀ ਸ਼ਾਂਤਮਈ ਸ਼ਾਂਤਮਈ ਕੂਕਦੀ ਹੈ ਅਤੇ ਹਉਮੈ ਵਿਚ ਹੀ ਕੂਕਦੀ ਹੈ। ਸੱਚੜੀ ਸ਼ਾਂਤਮਈ ਨਾ ਕਿਸੇ ਨੂੰ ਪ੍ਰਾਪਤ ਹੋਈ ਹੈ ਨਾ ਹੋਣੀ ਹੈ। ਜਿਥੇ ਹੋਈ ਹੈ, ਉਥੇ ਹਉਮੈਂ ਦਾ ਉਕਾ ਹੀ ਅਭਾਵ ਹੋ ਗਿਆ ਹੈ। ਉਥੇ ਕੇਵਲ ਸੱਚੜੀ ਸੂਰਮਤਾਈ ਵਾਲੀ ਗਤੀ ਕਲਿਆਣ ਮਈ ਹੈ। ਇਹ ਸਭ ਸਦਕਾ ਗੁਰਮਤਿ ਨਾਮ ਦੇ ਰੰਗਾਂ ਵਿਚ ਰੰਗੀਜਨ ਦਾ ਹੀ ਹੈ। ਉਹ ਜ਼ਖਮ ਉੱਕੇ ਹੀ ਕੂੜਾਵੇ ਹਨ, ਜੋ ਇਸ ਸੱਚੜੀ ਲਿਵਲੀਨਤਾ ਬਿਨਾਂ ਹੀ ਸ਼ਾਂਤਮਈ ਅਤੇ ਸੂਰਮਤਾਈ ਲਭਦੇ ਹਨ। ਆਮ ਲੋਕੀਂ ਹਨੇਰੇ ਵਿਚ ਅਕੀਂ ਪਲਾਹੀਂ ਹਥ ਮਾਰਦੇ ਫਿਰਦੇ ਹਨ, ਉਨ੍ਹਾਂ ਨੂੰ ਲੱਭਦਾ ਲੱਭਦਾ ਕੁਝ ਵੀ ਨਹੀਂ। ਗੁਰੂ ਨਾਨਕ ਦੇਵ ਜੀ ਦੀ ਸਰਨੀਂ ਆਇਆ ਹੀ ਇਸ ਲੱਭਤਾ ਦਾ ਚਾਨਣ ਦਿਸਦਾ ਹੈ।



www.AKJ.Org

ਤਾਂ ਤੇ ਜਿਸ ਜਨ ਨੂੰ ਸੱਚੀ ਸੂਰਮਤਾ ਦਰਕਾਰ ਹੈ, ਉਹ ਸਗਲ ਹਉਮੈਂ ਤਿਆਗ ਕੇ ਸੱਚੇ ਸਤਿਗੁਰੂ, ਗੁਰੂ ਨਾਨਕ ਦੀ ਸਰਣੀ ਆਵੇ। ਇਸ ਸੱਚੜੇ ਦਰ ਘਰ ਤੋਂ ਗੁਰਮਤਿ ਨਾਮ ਮਈ ਦੀਖਸ਼ਾ ਦੀਆਂ ਸਚੀਆਂ ਮੁਰਾਦਾਂ ਪਾਵੇ, ਤਾਂ ਹੀ ਉਸ ਨੂੰ ਸਚੀ ਸੂਰਮਤਾ ਦੇ ਰੰਗ ਚੜ੍ਹ ਸਕਦੇ ਹਨ, ਐਵੇਂ ਨਹੀਂ।

* * * *

## ਉਦਮ ਕਰੀਏ

(ਐਡੀਟਰ ਦੀ ਕਲਮ ਤੋਂ)

ਸਿੰਘੋ ! ਸੂਰਿਓ ! ਆਓ ਖਾਂ ਉਦਮ ਕਰੀਏ,
ਵਿਹੁਲੀ ਸ਼ਰਮ ਨੂੰ ਸਰਮ ਕਰ ਚੁਕ ਦੇਈਏ॥
ਨਕਟੀ ਮਾਇਆ ਭਰਮਾਏ ਜੋ ਭੇਸ ਕਰ ਕਰ,
ਨਜ਼ਰ ਹੇਠ ਨ ਲਿਆਈਏ ਥੁਕ ਦੇਈਏ॥
ਸੂਰਾ ਸਤਿਗੁਰੂ ਸਮਝੀਏ ਸਦਾ ਸਿਰ ਤੇ,
ਸੰਸੇ ਡਰ ਸੰਸਾਰ ਦੇ ਚੁਕ ਦੇਈਏ॥
ਮਾਰੀਏ ਹੱਲਾ, ਹਾਲਾਤ ਨੂੰ ਹੌਲ ਪੈ ਜਾਏ,
ਭਬਕ ਮਾਰੀਏ ਵੈਰੀ ਧਸਕ ਦੇਈਏ॥ ੧॥

ਅੰਮ੍ਰਿਤ ਵੇਲਾ ਸੰਭਾਲਣਾ ਸਿਖ ਦਾ ਕਰਮ ਪਹਿਲਾ,
ਇਸ ਵਕਤ ਲਈ ਸੂਰਿਓ ਜੂਝ ਮਰੀਏ॥
ਉਸ ਸਮੇਂ ਦੀ ਨੀਂਦ ਹਰਾਮ ਗਿਣੀਏਂ,
ਆਲਸ ਤਿਆਗੀਏ, ਇਸ਼ਨਾਨ ਦੀ ਸੂਝ ਕਰੀਏ॥
ਸੌਣਾ ਉਸ ਵੇਲੇ ਸਿਖ ਨੂੰ ਸ਼ੋਭਦਾ ਨਹੀਂ,
ਸਿੰਘੋ ! ਸੂਰਿਓ ! ਆਓ ਖਾਂ ਉਦਮ ਕਰੀਏ॥



www.AKJ.Org

ਖੰਡਾ ਖੂਬ ਖੜਕਾਈਏ ਨਾਮ ਵਾਲਾ
ਵਾਧੂ ਸੋਚ ਕਸੋਚ ਨੂੰ ਹੂੰਝ ਧਰੀਏ ॥ ੨ ॥
ਟੁਬੇ ਲਾਈਏ ਸਤਸੰਗ ਦੇ ਸਰ ਅੰਦਰ,
ਉਦਮ ਕਰੋ ਇਹ ਮੋਰਚਾ ਸਰ ਹੋਵੇ ॥
ਨਿਤਨੇਮ ਸੰਗ ਪ੍ਰੇਮ ਨ ਭੰਗ ਹੋਵੇ,
ਰਹਿਤ ਨਿਭਾਉਣ ਵਿਚ ਸੰਗ ਨ ਡਰ ਹੋਵੇ ॥
ਵੀਰੋ ! ਕਰੋ ਅਰਦਾਸ ਸਵਾਸ ਨ ਜਾਏ ਖਾਲੀ,
ਸਿਮਰਣ ਬਿਨਾਂ ਨਾ ਪੂਰੜਾ ਘਰ ਹੋਵੇ ॥
ਸਿੰਘੋ ! ਸੂਰਿਓ ! ਆਓ ਖਾਂ ਉਦਮ ਕਰੀਏ,
ਰਹਿਤ ਨਿਭਾਉਣ ਵਿਚ ਸੰਗ ਨ ਡਰ ਹੋਵੇ ॥ ੩ ॥
ਸੁਚੇ ਹੋਵੀਏ ਕਾਰ ਵਿਹਾਰ ਅੰਦਰ,
ਹੋਸ਼ ਨਾਲ ਨਿਭਾਵੀਏ ਕਾਰ ਅਪਨੀ ॥
ਉਸਤਤ ਸੁਣ ਨ ਐਵੇਂ ਮਦਹੋਸ਼ ਹੋਈਏ,
ਖੁਸ਼ ਖੁਸ਼ ਨਿੰਦਿਆ ਲਈਏ ਸਹਾਰ ਅਪਨੀ ॥
ਸਾਹਵੇਂ ਅਫਸਰਾਂ ਦੇ ਐਵੇਂ ਨ ਕਾਂਪ ਖਾਈਏ,
ਸੂਰਤ ਹੇਠ ਦੇ, ਲਈਏ ਨ ਮਾਰ ਅਪਨੀ ॥
ਸੋਹਿਲੇ ਝੂਠੀ ਸਰਕਾਰ ਦੇ ਕੀ ਗਾਈਏ,
ਸਿਰ ਤੇ ਖੜੀ ਹੈ ਸਚੀ ਸਰਕਾਰ ਅਪਨੀ ॥ ੪ ॥
ਨਿਸ਼ਚੇ ਵਿਚ ਬਿਤਾਵੀਏ ਦਿਨ ਆਪਣੇ,
ਸੰਸੇ ਵਿਚ ਸੂਰਿਓ ਡੋਲੀਏ ਨਾ ॥
ਦੁਖ ਦਸੀਏ ਸੁਖਾਂ ਦੇ ਦਾਤੜੇ ਨੂੰ,
ਸਾਹਵੇਂ ਗ਼ੈਰ ਦੇ ਦਿਲ ਫਰੋਲੀਏ ਨਾ ॥
ਰਜ਼ਾ ਵਿਚ ਕਰਤਾਰ ਜੋ ਰਖੇ ਰਾਜ਼ੀ,
ਤੁਲ ਏਸਦੇ ਸੁਖ ਕੋਈ ਤੋਲੀਏ ਨਾ ॥
'ਧੰਧ ਬੰਧ' ਤਾਂ ਫੰਧ ਨੇ ਆਤਮਾ ਲਈ,
ਰਤਨ ਜਨਮ ਇਹ ਘਟੇ ਵਿਚ ਰੋਲੀਏ ਨਾ ॥ ੫ ॥

***



www.AKJ.Org

# ਕਿੱਥੇ ਹੈ ਅਜ ਉਹ ਖਾਲਸਾ ?

[ਪ੍ਰਿੰ: ਹਰਭਜਨ ਸਿੰਘ ਸ਼ਹੀਦ ਸਿਖ ਮਿਸ਼ਨਰੀ ਕਾਲਜ, ਅੰਮ੍ਰਿਤਸਰ]

ਵੈਸੇ ਤਾਂ ਕਾਲ ਦੇ ਅਰੁਕਵੇਂ ਵੇਗ ਅਥਵਾ ਚੱਕਰ ਵੱਸ, ਕੁਦਰਤ ਦੀ ਅਟੱਲ ਮਰਯਾਦਾ ਅਨਕੂਲ, ਸ੍ਰਿਸ਼ਟੀ ਦੇ ਅਰੰਭ ਤੋਂ ਹੀ ਹਰ ਵਰਸ਼ ਮਾਹ 'ਵਸਾਖ ਭਲਾ' ਆਉਂਦਾ, 'ਸਾਖਾ' ਨੂੰ ਨਵੇਂ ਵੇਸ ਧਾਰਨ ਕਰਾਉਂਦਾ ਤੇ ਵੈਸਾਖੀ ਦੇ ਮੌਸਮੀ ਤਿਉਹਾਰ ਨੂੰ ਲੋਕਾਂ ਦੇ ਚਾਵਾਂ ਮਲ੍ਹਾਰਾਂ ਤੇ ਨਵੀਆਂ ਤਰੰਗਾਂ ਉਮੰਗਾਂ ਦਾ ਕਾਰਨ ਬਣਾਉਂਦਾ ਚਲਿਆ ਆ ਰਿਹਾ ਹੈ ਪਰੰਤੂ ਸੰ: ੧੭੫੬ ਦੀ ਵਿਸਾਖੀ ਦਾ ਇਤਿਹਾਸਕ ਦਿਹਾੜਾ ਸੰਸਾਰ ਦੇ ਇਤਿਹਾਸ ਵਿਚ ਵਿਸ਼ੇਸ਼ ਮਹਾਨਤਾ ਰਖਦਾ ਹੈ। ਇਸੇ ਪਾਵਨ ਦਿਵਸ 'ਪਰਮ ਪੁਰਖ ਦੇ ਦਾਸ' ਤੇ 'ਪ੍ਰਭੂ ਦੇ ਨਿਵਾਜੇ ਸੁਤ' ਨੇ ਸੰਸਾਰ ਨੂੰ ਖਾਲਸੇ ਦੇ ਰੂਪ ਵਿਚ 'ਪੂਰਨ ਮਨੁਖ' ਦੀ ਉਹ ਮਹਾਨ ਤੇ ਅਮੁਲੀਕ ਦਾਤ ਦੇਣ ਦਾ ਉਪਕਾਰ ਕੀਤਾ ਸੀ ਜਿਸ ਦੇ ਧਰਮ ਤੇ ਕੇਵਲ ਧਰਮ ਦੀ ਬੁਨਿਆਦ ਉਤੇ ਨਾਕੇਵਲ ਧਾਰਮਿਕ ਸਗੋਂ ਸਮਾਜਕ ਤੇ ਰਾਜਨੀਤਕ ਆਸ਼ਿਆਂ ਆਦਰਸ਼ਾਂ ਨੂੰ ਅਪਣਾਏ ਬਿਨਾਂ 'ਜਲੰਦੇ ਜਗਤ' ਦੀ ਕਲਿਆਨ ਹੋਣੀ ਕਦਾਚਿਤ ਸੰਭਵ ਨਹੀਂ।

ਇਹ ਉਪਰੋਕਤ ਸ਼ਬਦ ਅੰਕਿਤ ਕਰਨ ਸਮੇਂ ਮਨ ਵਿਚ ਜਿਥੇ ਇਕ ਪਰਮ ਖੇੜਾ ਮਾਨ ਤੇ ਸ਼ੁਕਰਾਨਾ ਆ ਪਰਵੇਸ਼ ਕਰਦਾ ਹੈ, ਉਥੇ ਬੇਬਸੀ ਤੇ ਨਿਰਾਸਤਾ-ਭਰਪੂਰ ਉਦਾਸੀ ਦੀ ਇਕ ਨਿੱਮੀ ਜਹੀ ਲਹਿਰ ਵੀ ਵਗ ਤੁਰਦੀ ਹੈ, ਖੇੜਾ, ਫਖਰ ਤੇ ਸ਼ੁਕਰਾਨਾ ਇਸ ਲਈ ਕਿ ਸਿਖ ਧਰਮ ਹਰ ਯੁਗ ਦਾ ਧਰਮ ਹੈ ਅਤੇ ਖਾਸ ਕਰਕੇ ਵਰਤਮਾਨ ਵਿਗਿਆਨਚ ਯੁਗ ਦਾ ਅਤੇ 'ਖਾਲਸਾ' ਉਨ੍ਹਾਂ ਅਦੁਤੀ ਤੇ ਸਦੀਵੀ ਗੁਣਾਂ ਦਾ ਧਨੀ ਤੇ ਲਖਾਇਕ ਹੈ ਜੋ ਈਰਖਾ ਤੇ ਦ੍ਵੈਖ ਵਿਚ ਸੜ ਰਹੇ ਸੰਸਾਰ ਨੂੰ ਪ੍ਰੀਤ ਸਾਂਝੀਵਾਲਤਾ ਦੀ ਮਾਲਾ ਵਿਚ ਪਰੋ ਕੇ 'ਬੇਗਮ-ਪੁਰੇ' ਵਿਚ ਬਦਲ ਸਕਦੇ ਹਨ। ਉਦਾਸੀ ਇਸ ਲਈ ਕਿ ਦਿਨੋ ਦਿਨ ਸਾਡੀ 'ਸਿਫਤ' ਖਾਲਸਾ ਹੋਣ ਦੀ ਥਾਂ ਵਧੇਰੇ ਕਰਕੇ 'ਨਾਂ' ਹੀ ਖਾਲਸਾ ਹੁੰਦਾ ਜਾ ਰਿਹਾ



www.AKJ.Org

ਹੈ। ਕੀ ਈਰਖਾ, ਦ੍ਵੈਖ ਤੇ ਹੰਗਤਾ ਦੀ ਅਗ ਨਾਲ ਜਲ ਰਹੀ ਸ੍ਰਿਸ਼ਟੀ ਨੂੰ ਸੇਵਾ, ਸਿਮਰਨ ਤੇ ਸਮਾਨਤਾ ਦੀ ਸੀਤਲਤਾ ਨਾਲ ਠਾਰਨ ਵਾਲਾ ਅਤੇ ਇਸ ਦੇ ਕਲਿਆਨਕਾਰੀ ਹੋਣ ਦਾ ਨਾਂ ਕੇਵਲ ਦਾਅਵਾ ਸਗੋਂ ਜ਼ਿਮੇਵਾਰੀ ਲੈਣ ਵਾਲਾ ਖਾਲਸਾ ਅਜ ਆਪ ਹੀ ਪਿਉ ਦਾਦੇ ਦੇ ਖਜ਼ਾਨੇ ਨਾਲ ਮਾਲਾ ਮਾਲ ਤੇ ਸਰਸਾਰ ਹੈ ਜੁ ਇਸ ਤੋਂ ਹੋਰ ਕੋਈ ਵਿਰਵੀ ਆਤਮਾ ਵਰੋਸਾਉਣ ਜਾਂ ਆਤਮ-ਛੋਹ ਪ੍ਰਾਪਤ ਕਰਨ ਦੀ ਲਾਲਸਾ ਕਰ ਸਕੇ? ਜਿਵੇਂ ਜਿਵੇਂ ਇਸ ਪ੍ਰਸ਼ਨ ਦਾ ਈਮਾਨਦਾਰਾਨਾ ਉਤਰ ਲਭਣ ਲਈ ਸ੍ਵੈ-ਪੜਚੋਲ ਕਰੀਦੀ ਏ ਤਿਵੇਂ ਤਿਵੇਂ ਅੰਦਰਲਾ ਆਪਣੇ ਆਪ ਨੂੰ ਹੀ ਬਾਰ ਬਾਰ ਇਹ ਪੁੱਛਣ ਲਈ ਮਜਬੂਰ ਹੁੰਦਾ ਹੈ ਕਿ—

ਕਿੱਥੇ ਅਜ ਉਹ ਖਾਲਸਾ ਜਿਸ ਨੂੰ ਪੂਰਨ ਮਨੁਖ ਦੇ ਨਿਰਮਲ ਸਾਂਚੇ ਵਿਚ ਢਾਲਣ ਲਈ ਇਕ ਨਹੀਂ ਪੂਰੇ ਦਸਾਂ ਕਾਮਲ ਮੁਰਸ਼ਦਾਂ ਨੇ ਦੋ ਸੌ ਤੀਹ ਸਾਲ ਜਫਰ ਜਾਲੇ, ਘਾਲਾਂ ਘਾਲੀਆਂ ਤੇ ਤਾਂ ਜਾ ਕੇ ਕਿਤੇ ਸੰਮਤ ੧੭੫੬ ਦੀ ਸੁਭਾਗ ਵੈਸਾਖੀ ਦੇ ਪਾਵਨ ਦਿਨ ਦਸਵੇਂ ਨਾਨਕ ਨੇ ਆਪਣੇ ਨਿੱਜ ਸਰੂਪ ਤੋਂ ਇਸ ਨੂੰ ਮੂਰਤੀਮਾਨ ਕੀਤਾ; ਇਸ ਦੀ ਸੰਪੂਰਨਤਾ ਲਈ ਪੰਜਵੇਂ ਨਾਨਕ ਤੱਤੀਆਂ ਤਵੀਆਂ ਉਤੇ ਬੈਠੇ, ਦੇਗਾਂ ਵਿਚ ਉੱਬਲੇ; ਇਸ ਦੀ ਤਕਮੀਲ ਲਈ ਨੌਵੇਂ ਨਾਨਕ ਨੇ ਕਲਜੁਗ ਵਿਚ ਅਦੁੱਤੀ ਧਰਮ ਸਾਕਾ ਕੀਤਾ ਤੇ ਇਹ ਪੰਜ ਭੂਤਕ ਸਰੀਰ ਦਾ ਠੀਕਰਾ ਦਿੱਲੀ-ਪਤਿ ਦੇ ਸਿਰ ਚਾਂਦਨੀ ਚੌਂਕ ਵਿਚ ਭੰਨਿਆ, ਸਿਰ ਦਿਤਾ ਪਰ ਦੀਨਾਂ ਤੇ ਸ਼ਰਨ ਆਇਆਂ ਪੀੜਤਾਂ ਦੀ ਬਾਂਹ ਨਾ ਛੱਡੀ?

ਕਿਥੇ ਹੈ ਅੱਜ ਉਹ 'ਖ਼ਾਲਸਾ' ਜਿਸ ਦੇ ਪ੍ਰਤੀਨਿਧ ਪੰਜਾਂ ਪਿਆਰਿਆਂ ਨੇ ਇਸੇ ਪਾਵਨ ਦਿਨ ਮਹਿਬੂਬ ਦੀ ਮੰਗ ਉਤੇ ਸੀਸ ਭੇਟ ਕੀਤੇ, ਸਿਰ ਤਲੀ ਉਤੇ ਰਖ ਕੇ 'ਯਾਰ' ਦੀ ਗਲੀ ਵਿਚ ਨਿਤਰੇ ਤੇ ਆਪਣੀ ਜ਼ਾਤ, ਕੁਲ ਤੇ ਬ੍ਰਾਦਰੀ ਦੇ ਅਖਾਉਤੀ ਵਖੇਵਿਆਂ ਨੂੰ ਸਦਾ ਲਈ ਮਿਟਾ ਕੇ ਗੁਰੂ ਘਰ ਵਿਚ ਨਵਾਂ ਜਨਮ ਪਾਇਆ, ਗੁਰੂ ਜੀ ਦੇ ਨਾਦੀ ਪੁੱਤਰ ਹੋਣ ਦਾ ਮਾਨ ਪ੍ਰਾਪਤ ਕੀਤਾ, ਸਾਂਝੇ ਬਾਟੇ ਚੋਂ ਅੰਮ੍ਰਿਤ ਦੇ ਘੁਟ ਪੀਕੇ 'ਖੰਡਾ ਕੁਲ ਮੰਤ ਸਿਪਾਹੀ' ਬਣੇ ਅਤੇ ਸਾਂਝ, ਸਮਾਨ ਤੇ ਭੁਲਵੇਂ



www.AKJ.Org

ਸਮਾਜ ਦੀ ਉਸ ਸਮੇਂ ਉਹ ਸਥਿਰ ਬੁਨਿਆਦ ਰੱਖੀ ਅਤੇ ਅਜੇਹਾ ਇਨਕਲਾਬ ਲਿਆਂਦਾ ਜਿਸ ਦੀ ਸਿਖਰ ਨੂੰ ਅੱਜ ਦੇ ਕੱਟੜ ਸਮਾਜਵਾਦੀ ਛੁਹ ਤਕ ਵੀ ਨਹੀਂ ਸਕੇ ? [ਕਾਸ਼ ! ਕਿ ਅੱਜ ਦਾ ਖਾਲਸਾ ਉਸ ਅਦੁੱਤੀ ਇਨਕਲਾਬ ਵਿਚ ਆਪ ਜੀਉਂਦਾ ਹੋਇਆ ਉਸ ਦੀ ਲਾਟ ਨੂੰ ਪਹਿਲੀ ਪ੍ਰਭੁਤਾ ਵਿਚ ਪ੍ਰਜੱਲਤ ਰਖਦਾ ਤੇ ੧੭੫੬ ਵਾਲੀ ਵੈਸਾਖੀ ਵਾਲੇ ਖਾਲਸੇ ਦਾ ਐਸਾ ਜਾਨਸ਼ੀਨ ਬਣਨ ਦਾ ਮਾਨ ਪ੍ਰਾਪਤ ਹੁੰਦਾ ਜਿਸ ਉਤੇ ਹਰ ਆਪਣੇ ਤੇ ਬਿਗਾਨੇ ਨੂੰ ਫ਼ਖ਼ਰ ਹੋ ਸਕਦਾ ।]

ਕਿੱਥੇ ਹੈ ਅੱਜ ਉਹ ਖਾਲਸਾ ਜਿਸ ਦੇ ਸਾਹਮਣੇ ਅੰਮ੍ਰਿਤਦਾਤਾ ਸਤਿਗੁਰੂ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਲਈ ਅਰਜੋਈਆਂ ਕੀਤੀਆਂ ਸਨ ਤੇ 'ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ' ਹੋਣ ਦਾ ਮਾਨ ਪ੍ਰਾਪਤ ਕੀਤਾ ਸੀ ? ਕਿਤਨਾ ਮਹਾਨ ਇਨਕਲਾਬ ਸੀ ਇਹ ਪਰੰਪਰਾ ਤੋਂ ਚਲੇ ਆ ਰਹੇ ਪੀਰ ਮੁਰੀਦ ਗੁਰੂ ਤੇ ਚੇਲੇ ਦਿਆਂ ਪਰਸਪਰ ਸੰਬੰਧਾਂ ਤੇ ਉਨ੍ਹਾਂ ਦੀਆਂ ਦੁਵੱਲੀ ਪ੍ਰੀਤ ਖਿੱਚਾਂ ਵਿਚ ! ਇਸ ਸਚਾਈ ਤੇ ਪ੍ਰੀਵਰਤਨ ਨੂੰ ਭਾਈ ਨੰਦ ਲਾਲ [ਸਿੰਘ] ਜੀ ਕੁਝ ਇਵੇਂ ਬਿਆਨਦੇ ਹਨ:-

ਆਸ਼ੁਫਤਾਏ ਆਨੇਮ ਕਿ ਓ ਸ਼ੈਦਾਏ ਮਾਸਤ ।
ਮਾ ਸ਼ਾਹ ਨ ਦਾਨੇਮ ਗਦਾਰਾ ਨ ਸ਼ਨਾਸੇਮ ।

[ਅਸੀਂ ਉਸ ਦੇ ਮਤਵਾਲੇ ਹਾਂ ਜੋ ਸਾਡਾ ਮਤਵਾਲਾ ਹੈ । [ਆਪਣੀ ਮਜਲਸ ਵਿਚ] ਅਸੀਂ ਨ ਕਿਸੇ ਨੂੰ ਪਾਤਸ਼ਾਹ ਕਰ ਕੇ ਜਾਣਦੇ ਹਾਂ ਤੇ ਨ ਕਿਸੇ ਨੂੰ ਕੰਗਾਲ ਕਰ ਕੇ] ।

ਕਿੱਥੇ ਹੈ ਅੱਜ ਉਹ ਖ਼ਾਲਸਾ ਜੋ ਸ੍ਰੀ ਦਸਮੇਸ਼ ਜੀ ਦੇ ਆਪਣੇ ਮੁਖਾਰਬਿੰਦ ਤੋਂ ਨਿਸ਼ਚਿਤ ਕੀਤੇ ਇਸ ਆਦਰਸ਼ ਵਿਚ ਜੀਊਣ ਤੇ ਹੋਰਨਾਂ ਨੂੰ ਇਹ ਜੀਵਨ ਸੰਦੇਸ਼ ਦੇਣ ਲਈ ਤੱਤਪਰ ਹੋਵੇ:-

"ਜਾਗਤ ਜੋਤ ਜਪੈ ਨਿਸਬਾਸਰ, ਏਕ ਬਿਨਾ ਮਨ ਨੈਕ ਨ ਆਨੈ ॥
ਪੂਰਨ ਪਰੇਮ ਪਰਤੀਤ ਸਜੈ ਬ੍ਰਤ, ਗੋਰ ਮੜ੍ਹੀ ਮਟ ਭੂਲ ਨ ਮਾਨੈ ॥
ਤੀਰਥ ਦਾਨ ਦਯਾ ਤਪ ਸੰਜਮ, ਏਕ ਬਿਨਾ ਨਹਿ ਏਕ ਪਛਾਨੈ ।
ਪੂਰਨ ਜੋਤ ਜਗੈ ਘਟ ਮੈ ਤਬ ਖਾਲਸ ਤਾਹਿ ਨਖਾਲਸ ਜਾਨੈ ॥"



www.AKJ.Org

ਕਿੱਥੇ ਹੈ ਅੱਜ ਗੁਰੂ ਜੀ ਦਾ ਖਾਸ ਰੂਪ ਖ਼ਾਲਸਾ ਜਿਸ ਨੂੰ ਉਹ ਆਪਣਾ ਸੁਹਿਰਦ ਇਸ਼ਟ, ਬਿਰਦ, ਸੁਖ, ਮਿੱਤ੍ਰ, ਸਖਾ, ਮਾਤਾ, ਪਿਤਾ, ਸੋਭਾ, ਜ਼ਾਤ-ਪਾਤ ਭਵਨ-ਭੰਡਾਰ, ਪਰਵਾਰ, ਪਿੰਡ-ਪਰਾਣ, ਮਾਨ-ਮਹਤ, ਧਰਮ-ਕਰਮ, ਸਤਗੁਰ ਗਿਆਨ, ਧਿਆਨ ਤੇ ਪਤਾ ਨਹੀਂ ਹੋਰ ਕੀ ਕੀ ਪਦਵੀ ਦੇਂਦੇ ਹੋਏ ਆਪਣੇ ਇਸ ਕਥਨ ਦੀ ਸਚਾਈ ਦੀ ਪ੍ਰੌੜਤਾ ਇਨ੍ਹਾਂ ਸ਼ਬਦਾਂ ਰਾਹੀਂ ਕਰਦੇ ਹਨ:—

"ਯਾ ਮੈ ਰੰਚ ਨ ਮਿਥਿਆ ਭਾਖੀ।
ਪਾਰਬ੍ਰਹਮ ਗੁਰੂ ਨਾਨਕ ਸਾਖੀ॥"

ਕਿੱਥੇ ਹੈ ਅੱਜ ਉਹ ਮਹਾਨ ਖਾਲਸਾ ਜੋ ਧਰਮ ਹੇਤ ਸੀਸ ਦੇਂਦਾ, ਰੰਬੀਆਂ ਨਾਲ ਖੋਪਰੀਆਂ ਲੁਹਾਉਂਦਾ, ਬੰਦ ਬੰਦ ਕਟਾਉਂਦਾ, ਚਰਖੜੀਆਂ ਉਤੇ ਤੂੰਬਾ ਤੂੰਬਾ ਹੁੰਦਾ, ਇਕੱਲਾ ਲਖਾਂ ਨਾਲ ਟਾਕਰਾ ਕਰਦਾ, ਨੀਹਾਂ ਵਿਚ ਚੁਣੀਂਦਾ, ਚਿਤ ਵਿਚ ਹਰ ਛਿਨ ਧਰਮ-ਯੁਧ ਦਾ ਚਾਅ ਰਖਦਾ ਅਤੇ ਤੇਗ਼ ਦੀ ਧਾਰ ਹੇਠ ਸਦਾ ਇਹੀ ਅਰਦਾਸ ਕਰਦਾ ਸੀ ਕਿ—ਹੇ ਸਤਿਗੁਰੂ, ਸਿਖੀ ਕੇਸਾਂ ਸਵਾਸਾਂ ਨਾਲ ਨਿਭਾਵੀਂ ?

ਕਿੱਥੇ ਹੈ ਅੱਜ ਉਹ ਖ਼ਾਲਸਾ ਜਿਸ ਨੂੰ ਬਖ਼ਸ਼ੇ ਧਰਮ ਭਾਵਾਂ-ਸੇਵਾ, ਸਿਮਰਨ, ਸਮਾਨਤਾ ਅਤੇ ਚੜ੍ਹਦੀ ਕਲਾ ਦੇ ਬਲ-ਬੋਤੇ ਇਸ ਦੇ ਸਾਜਣਹਾਰ ਸ੍ਰੀ ਦਸਮੇਸ਼ ਪਿਤਾ ਨੇ ਇਨਾਂ ਸ਼ਬਦਾਂ, ਜਿਨਾਂ ਨੂੰ ਅਸੀਂ ਹਰ ਸਵੇਰ ਨਿਤਨੇਮ ਦੇ ਪਾਠ ਵੇਲੇ ਦੁਹਰਾਂਦੇ ਅਤੇ ਖੰਡੇ ਦੀ ਪਾਹੁਲ ਪੜ੍ਹਦੇ ਸੁਣਦੇ ਹਾਂ ਅਤੇ ਜਿਸ ਆਸ਼ੇ ਦੀ ਪੂਰਤੀ ਸਾਡੇ ਜ਼ੁੰਮੇ ਹੈ, ਵਿਚ ਦਾਅਵਾ ਕੀਤਾ ਸੀ ਕਿ—

"ਦਾਨਵ ਦੇਵ ਫਨਿੰਦ ਨਿਸਾਚਰ, ਭੂਤ ਭਵਿਖ ਭਵਾਨ ਜਪੈਂਗੇ॥
ਜੀਵ ਜਿਤੇ ਜਲਮੈ ਥਲ ਮੈ, ਪਲ ਹੀ ਪਲ ਮੈ ਸਭ ਥਾਪ ਥਪੈਂਗੇ॥
ਪੁੰਨ ਪ੍ਰਤਾਪਨ ਬਾਢ ਜੈਤ ਧੁਨ, ਪਾਪਨ ਕੇ ਬਹੁ ਪੁੰਜ ਖਪੈਂਗੇ॥
ਸਾਧ ਸਮੂੰਹ ਪ੍ਰਸੰਨ ਫਿਰੈ ਜਗ, ਸਤ੍ਰ ਸਭੈ ਅਵਿਲੋਕ ਚਪੈਂਗੇ॥"

ਕਿੱਥੇ ਹੈ ਕਲਗੀਆਂ ਵਾਲੇ ਦਾ ਉਹ ਖ਼ਾਲਸਾ ਜੋ ਅਜ ਵੀ ਸ੍ਰੀ



www.AKJ.Org

ਦਸਮੇਸ਼ ਜੀ ਵਲੋਂ ਇਨਾਂ ਅਤਿ ਮਾਨ-ਭਰਪੂਰ ਇਤਹਾਸਕ ਸ਼ਬਦਾਂ ਵਿਚ ਸੰਬੋਧਨ ਕੀਤੇ ਜਾਣ ਦਾ ਪਾਤਰ ਬਣ ਸਕਦਾ ਹੋਵੇ—

ਇਨਹੀ ਕੀ ਕਿਰਪਾ ਕੇ ਸਜੇ ਹਮ ਹੈ ਨਹੀ ਮੋ ਸੇ ਗਰੀਬ ਕਟੋਰ ਪਰੇ ।।੨।।
ਤਥਾ—ਸੋ ਗ੍ਰਿਹਿ ਮੈ ਤਨ ਤੇ ਮਨ ਤੇ ਸਿਰ ਲਉਧਨਹੈ ਸਭ ਹੀ ਇਨਹੀ ਕੋ ।।

ਕਿਥੇ ਹੈ ਅਜ ਦੈਵੀ-ਗੁਣ-ਨਿਧਾਨ ਉਹ ਖਾਲਸਾ ਜਿਸ ਦੇ ਉਚੇ-ਸੁਚੇ ਚਲਣ ਨਾਲ ਪ੍ਰਭਾਵਤ ਹੋ ਕੇ ਕਾਜ਼ੀ ਨੂਰ ਮੁਹੰਮਦ ਜੋ ਅਬਦਾਲੀ ਦੇ ੧੮੨੧ ਵਿਚ ਹੋਏ ਦੂਜੇ ਹਮਲੇ ਵੇਲੇ ਉਸ ਨਾਲ ਆਇਆ ਸੀ ਅਤੇ ਜੋ ਨਫ਼ਰਤ ਨਾਲ 'ਸਿੰਘ' ਸ਼ਬਦ ਨੂੰ 'ਸਗ' [ਕੁੱਤੇ] ਕਰਕੇ ਲਿਖਦਾ ਸੀ ਵੀ ਆਖ਼ਰ ਇਉਂ ਉਪਮਾ ਕਰਨ ਉਤੇ ਮਜ਼ਬੂਰ ਹੋ ਜਾਂਦਾ ਹੈ—

"ਨਾ-ਮਰਦਾਂ ਤੇ ਕਾਇਰਾ ਉਤੇ, ਹਰਗਿਜ ਵਾਰ ਨ ਕਰਦੇ ਨੇ ।।
ਭੱਜੇ ਜਾਂਦੇ ਦੁਸ਼ਮਨ ਦੀ ਉਹ, ਹਰਗਿਜ਼ ਵਾਟ ਨ ਫੜਦੇ ਨੇ ।।
ਅਬਲਾਵਾਂ ਦੇ ਗਹਿਣੇ ਟੂਮਾਂ, ਜ਼ੋਰੀ ਕਦੀ ਨ ਲਾਂਹਦੇ ਨੇ ।।
ਰਾਣੀ ਭਾਵੇਂ ਦਾਸੀ ਹੋਵੇ, ਹਰਗਿਜ਼ ਹੱਥ ਨ ਪਾਂਦੇ ਨੇ ।।
'ਕੁਤਿਆਂ' ਦੇ ਟੋਲੇ ਵਿਚ ਰਹਿੰਦਾ, ਨਾਹੀ ਕੋਈ ਜ਼ਨਾਹੀ ਏ ।।
ਚੋਰੀ ਕਰਨ ਉਨ੍ਹਾਂ ਤਾਈਂ, ਹਰਗਿਜ਼ ਰਵਾ ਨ ਆਈ ਏ ।।
ਚਾਹੇ ਬੁੱਢੀ ਮਾਈ ਹੋਵੇ, ਭਾਵੇਂ ਸੁੰਦਰ ਨਾਰੀ ਏ ।।
ਹਰ ਇਕ ਤਾਈਂ ਬੁੱਢੜੀ ਆਂਦ੍ਹੂ, ਸੁੰਦਰ ਮਨੋਂ ਵਿਸਾਰੀ ਏ ।।
ਬੁੱਢੀ ਦੇ ਮਾਅਨੇ ਬੁੱਢੜੀ, ਹਿੰਦੀ ਬੋਲੀ ਅੰਦਰ ਨੇ ।।
ਤਾਈਏਂ ਜ਼ਾਨੀ ਚੋਰ ਨ ਦਿਸਦੇ, ਉਨ੍ਹਾਂ ਟੋਲੀ ਅੰਦਰ ਨੇ ।।
ਹੋਵੇ ਨ ਕਿਉਂ ਕਰ ਕਿ ਜਦ ਉਹ ਚੋਰਾਂ ਯਾਰ ਬਣਾਂਦੇ ਨਾ ।।
ਇਸ ਤੋਂ ਬਾਝੋਂ ਹੋਰ ਕੋਈ ਉਹ ਨੇਕੀ ਕਾਰ ਕਮਾਂਦੇ ਨਾ ।।
'ਕੁੱਤਿਆਂ' ਨੂੰ 'ਕੁੱਤੇ' ਨ ਆਖੋ ਸੱਚ ਪੁਛੋ ਤਾਂ ਸ਼ੇਰ ਨੇ ਉਹ ।।
ਰਣ ਵਿਚ ਜਦ ਸ਼ਸਤਰ ਹੈ ਵਹਿੰਦਾ, ਸੂਰੇ ਬਲੀ ਦਲੇਰ ਨੇ ਉਹ ।।

(ਉਲਥਾ)



www.AKJ.Org

ਕਿਥੋਂ ਤਕ ਸਿਫ਼ਤ ਕਰੀਏ, ਸਤੋ-ਗੁਣ-ਧਾਰੀ 'ਸਤਿਗੁਰੂ ਦੇ ਖ਼ਾਸ ਰੂਪ' ਖਾਲਸੇ ਦੀ ਅਤੇ ਕਿਥੋਂ ਤਕ ਝੂਰੀਏ ਅਜ ਦੇ' ਖਾਲਸੇ' ਦੀ ਗਫ਼ਲਤ, ਆਪਾ-ਧਾਪੀ ਤੇ ਹਰ-ਪਹਿਲੂ ਤੋਂ ਉਲਝੀ ਹੋਈ ਤਾਣੀ ਨੂੰ ਵੇਖ ਵੇਖ ਕੇ। ਇਸ ਦੇ ਜ਼ਿਮੇ ਲਾਇਆ ਗਿਆ ਸੀ ਧਰਮ ਚਲਾਉਣਾ, ਸੰਤਾਂ ਨੂੰ ਉਭਾਰਨਾ ਤੇ ਦੁਸ਼ਟਾਂ ਦੀਆਂ ਜੜ੍ਹਾਂ ਪੁਟਣਾ, ਪਰੰਤੂ ਇਸ ਨੂੰ ਧਰਮ ਦੀ ਗਲ ਕਰਨ ਦੀ ਵੇਹਲ ਹੀ ਕਿਥੇ? ਇਹ ਉਠਦਾ ਬੈਠਦਾ ਜੋੜਾਂ ਤੋੜਾਂ, ਹਾਣਾਂ-ਲਾਭਾਂ, ਅਤੇ ਸਵਾਰਥੀ ਛਿੰਨ ਭੰਗਰ ਜੀਵਨ ਵਿਚ ਬੁਰੀ ਤਰ੍ਹਾਂ ਪਲਚਿਆ ਹੋਇਆ ਹੈ। ਧਰਮ ਨਾਲੋਂ ਧੜਾ ਪਿਆਰਾ ਹੈ। ਹਰ ਗਲ ਧੜੇ ਦੇ ਹਾਣ ਲਾਭ ਨਾਲ ਤੋਲਣ ਦਾ ਆਦੀ ਹੋ ਗਿਆ ਹੈ। ਜੇ ਕਿਤੇ ਦੀਨ ਦੀ ਚਰਚਾ ਹੁੰਦੀ ਵੀ ਹੈ ਤਾਂ ਨਿਸ਼ਾਨਾ ਦੁਨੀਆਂ ਹੀ ਹੁੰਦੀ ਹੈ। ਇਹ ਭੁਲ ਚੁੱਕਾ ਹੈ ਕਿ ਸਤਿਗੁਰਾਂ ਨੇ ਉਚ ਨਿਸ਼ਾਨਿਆਂ ਤੇ ਮੰਤਵਾ ਦੀ ਪੂਰਤੀ ਲਈ ਸਾਧਨ ਵੀ ਉੱਚੇ ਤੇ ਸੁੱਚੇ ਹੀ ਵਰਤੇ ਸਨ। ਉਨਾਂ ਕਦੀ ਵੀ ਝੂਠ, ਕਪਟ ਤੇ ਬੇਅਸੂਲੀ ਨਾਲ ਸਮਝੌਤਾ ਨਾ ਕੀਤਾ, ਭਾਵੇਂ ਇਸ ਦੀ ਕਿਤਨੀ ਵੀ ਭਾਰੀ ਕੀਮਤ ਉਨ੍ਹਾਂ ਨੂੰ ਕਿਉਂ ਨ ਅਦਾ ਕਰਨੀ ਪਈ।

"End justifies the means"

(ਮੰਤਵ ਪੂਰਤੀ ਲਈ ਕੋਈ ਸਾਧਨ ਵੀ ਵਰਤ ਲੈਣੇ ਯੋਗ ਹਨ)

ਅਜ ਦੇ ਮਾਦੀ ਯੁਗ ਦਾ ਨਾਹਰਾ ਤਾਂ ਹੋ ਸਕਦਾ ਹੈ ਪਰ "ਗੁਰੂ ਕੇ ਖਾਲਸਾ" ਦਾ ਨਹੀਂ ਹੋ ਸਕਦਾ। ਐ ਖ਼ਾਲਸਾ, ਤੈਨੂੰ ਯਾਦ ਨਹੀਂ ਕਿ ਤੇਰੇ ਧਰਮ ਪਿਤਾ ਨੇ ਰਵਾਲਸਰ ਉਤੇ ਬਾਈਧਾਰ ਦੇ ਰਾਜਿਆਂ ਦੀ ਮਨੁੱਖੀ ਸਿਧਾਤਾਂ ਦੇ ਉਲਟ ਕੀਤੀ ਇਹ ਮੰਗ ਕਿ ਜੇ ਸ਼ੂਦਰ ਤ ਨੀਵੀਆਂ ਜਾਤਾਂ ਦਾ ਭਰਮ ਭੇਦ ਨਾ ਮਿਟਾਇਆ ਜਾਵੇ ਤਾਂ ਉਹ ਗੁਰੂ ਜੀ ਦਾ ਸਾਥ ਦੇਣ ਨੂੰ ਤਿਆਰ ਹਨ, ਠੁਕਰਾ ਦਿਤੀ ਸੀ। ਫੇਰ ਤੈਨੂੰ ਇਹ ਵੀ ਯਾਦ ਹੋਵੇਗਾ ਕਿ ਇਸ ਦੀ ਉਹਨਾਂ ਨੂੰ ਕੀਮਤ ਕੀ ਦੇਣੀ ਪਈ, ਪਰੰਤੂ ਚੇਹਰੇ ਉਤੇ ਪਸ਼ੇਮਾਨੀ ਜਾਂ ਮਲਾਲ ਦਾ ਨਾਂ ਨਿਸ਼ਾਨ ਤਕ ਨਾ ਆਇਆ। ਉਹ ਸਦਾ ਲਈ ਸ੍ਰੀ ਅਨੰਦਪੁਰ ਸਾਹਿਬ ਤਿਆਗ ਕੇ,



www.AKJ.Org

ਜਿਗਰ ਦੇ ਟੋਟਿਆਂ ਨੂੰ ਧਰਮ ਤੋਂ ਕੁਰਬਾਨ ਕਰਕੇ ਤੇ ਦਿਲ ਦੇ ਕੋ ਮਹਿੰਗੇ ਮੁਲ ਵਿਹਾਝੇ ਪਿਆਰੇ ਸਿਖਾਂ ਨੂੰ ਵਾਰ ਕੇ ਵੀ ਔਰੰਗਜ਼ੇਬ ਨੂੰ ਬਜਾ ਤੌਰ ਉਤੇ 'ਜ਼ਫ਼ਰਨਾਮਾ' (ਫਤਿਹ ਦੀ ਚਿਠੀ) ਹੀ ਲਿਖਦੇ ਹਨ। ਤੂੰ ਉਸ ਚੜ੍ਹਦੀਆਂ ਕਲਾਂ ਵਾਲੇ ਮਰਦ ਅਗੰਮੜੇ ਦਾ ਸਿਖ ਹੈ ਜੋ ਮਾਛੀਵਾੜੇ ਦੇ ਜੰਗਲਾਂ ਵਿਚ ਢੀਮ ਦਾ ਸਿਰਹਾਣਾ ਲਈ ਪਿਆ ਵੀ 'ਯਾਰੜੇ ਦਾ ਸਾਨੂੰ ਸਥਰ ਚੰਗਾ, ਭੱਠ ਖੇੜਿਆਂ ਦਾ ਰਹਿਣਾ' ਦਾ ਨਾਦ ਗੁੰਜਾਉਂਦਾ ਹੈ, —ਦੇ ਰਾਹ ਵਿਚ ਚੁਕੇ ਕਿਸੇ ਕਦਮ ਵਿਚ ਕਿਸੇ ਹਾਲਤ ਵਿਚ ਵੀ ਥਿੜਕਣ ਨਹੀਂ ਆਉਣ ਦਿੰਦਾ!

ਐ ਪੂਜਯ ਖਾਲਸਾ, ਜਾਗ ਤੇ ਆਪਣੇ ਮੂਲ, ਅਸਲੇ ਨੂੰ ਪਹਿਚਾਣ। 'ਧਾਤ' ਦਾ ਰਾਹ ਛਡ ਤੇ 'ਲਿਵ' ਦਾ ਰਾਹ ਫੜ। ਫਰਸ਼ਾਂ ਤੋਂ ਨਿਗਾਹ ਚੁਕ ਤੇ ਅਰਸ਼ਾਂ ਵਲ ਝਾਤ ਮਾਰ, "ਪਿਉ ਦਾਦੇ ਦਾ ਖਜ਼ਾਨਾ" ਖੋਲ੍ਹ ਕੇ ਵੇਖ, ਤੈਨੂੰ ਵਿਰਸੇ ਵਿਚ ਕੀ ਕੀ ਦਾਤ ਪ੍ਰਾਪਤ ਹੈ।

ਜੇ ਹੋ ਸਕੇ ਤਾਂ ਆਪਣੇ ਆਪ ਨੂੰ ਟੁੰਬਣ ਲਈ ਕਦੀ ਕਦੀ ਇਕ ਨਾਮੀ ਸ਼ਾਇਰ ਦਾ ਸ਼ੇਅਰ ਵੀ ਗੁਣ ਗੁਣਾ ਲਿਆ ਕਰ—

"ਤੂੰ ਸ਼ਾਹੀ ਹੈ ਪਰਵਾਜ਼ ਹੈ ਕਾਮ ਤੇਰਾ,
ਤੇਰੇ ਸਾਹਮਨੇ ਆਸਮਾਨ ਔਰ ਭੀ ਹੈ॥"

## ਧਾਰਮਿਕ ਸਿਖਿਆ

[ਭਾ: ਸਾਹਿਬ ਮਾ: ਗੁਰਮੁਖ ਸਿੰਘ ਜੀ ਪਟਿਆਲਾ]

ਜਿਉਂ ਜਿਉਂ ਪਰਿਵਾਰ ਆਪਣੇ ਕਰਤਬਾਂ ਤੋਂ ਪਿਛੇ ਹਟੀ ਜਾਂਦਾ ਹੈ, ਤਿਉਂ ਤਿਉਂ ਅਜ ਦਾ ਵੈਲਫੇਅਰ ਰਾਜ ਉਹਨਾਂ ਕਰਤਬਾਂ ਨੂੰ ਆਪਣੇ ਜ਼ਿਮੇਂ ਲੈ ਕੇ ਪਰਿਵਾਰ ਨੂੰ ਹੋਰ ਵਧੇਰੇ ਆਰਾਮ ਤੇ ਸੁਖ ਦੇਣ ਦੇ ਫਿਕਰ ਵਿਚ ਹੈ। ਮਿਸਾਲ ਵਜੋਂ ਪਰਵਾਰ ਵਿੱਚ ਪੈਦਾ ਹੋਏ ਬੱਚੇ ਰਾਜ ਦੇ ਬਣਨ ਵਾਲੇ ਨਾਗਰਿਕ ਹਨ। ਉਹ ਕੇਵਲ ਪਰਿਵਾਰ ਦੀ



www.AKJ.Org

ਪਾਲਨਾ ਪੋਸ਼ਨਾ ਤੇ ਰਹਿ ਕੇ ਕਿਵੇਂ ਚੰਗੇ ਨਾਗਰਿਕ ਬਣ ਸਕਦੇ ਹਨ ਰਾਜ ਨੂੰ ਇਸ ਗਲ ਦਾ ਪੂਰਨ ਵਿਸਵਾਸ਼ ਹੈ ਕਿ ਪਰਿਵਾਰ ਆਪਣੀਆਂ ਸਮਾਜਿਕ ਜਾਂ ਆਰਥਕ ਔਕੜਾਂ ਕਰਕੇ ਉਸ ਦੇ ਹੋਨਹਾਰ ਨਾਗਰਿਕਾਂ ਦਾ ਭਵਿਖ ਉਜਲ ਕਰਨ ਦੀ ਥਾਂ ਕਾਲਾ ਕਰ ਸਕਦਾ ਹੈ। ਇਸ ਤੋਂ ਇਹ ਸਿੱਟਾ ਕੱਢ ਕੇ, ਰਾਜ ਆਪਣੇ ਹੋਣਹਾਰ ਨਾਗਰਿਕ ਨੂੰ ਆਪਣੇ ਹੱਥਾਂ ਵਿਚ ਲੈਣ ਦੇ ਜਤਨ ਕਰ ਰਹੀ ਹੈ, ਤਾਂ ਕਿ ਉਹ ਜਿਸ ਤਰ੍ਹਾਂ ਚਾਹੇ ਆਣ ਵਾਲੀ ਪਨੀਰੀ ਨੂੰ ਸਿਖਿਆ ਦੇ ਕੇ ਇਕ ਚੰਗਾ ਨਾਗਰਿਕ ਬਣਾਏ।

ਅਜਿਹਾ ਕਰਨ ਵਿਚ ਜੋ ਖ਼ਤਰਾ ਹੈ ਉਹ ਇਹੀ ਹੈ ਕਿ ਸਾਰੇ ਨਾਗਰਿਕ ਇਕੋ ਸਾਂਚੇ ਵਿਚ ਪਾ ਕੇ ਢਾਲੇ ਜਾਣਗੇ। ਵਿਅਕਤਿਤਵ ਦਾ ਵਿਕਾਸ ਬੰਦ ਹੋ ਸਕਦਾ ਹੈ। ਸਮਾਜਵਾਦੀ ਦੇਸ਼ਾਂ ਵਿੱਚ ਇਹੋ ਜਿਹਾ ਰਿਵਾਜ ਹੈ।

ਸਾਡੇ ਦੇਸ਼ ਵਿਚ ਸਿਖਿਆ ਰਾਜ ਸਰਕਾਰਾਂ ਦੇ ਕੰਟਰੋਲ ਹੇਠਾਂ ਹੈ। ਕਈ ਥਾਵਾਂ ਤੇ ਕਿਸੇ ਪੱਧਰ ਤਕ ਸਭ ਪੁਸਤਕਾਂ ਦਾ ਰਾਜਸੀਕਰਣ ਵੀ ਕੀਤਾ ਗਿਆ ਹੈ। ਸਾਡੀ ਸਰਕਾਰ ਧਰਮ-ਨਿਰਪਖ ਹੈ, ਭਾਵ ਇਸ ਦੇ ਆਪਣੇ ਵਿਦਿਅਕ ਸਕੂਲਾਂ ਕਾਲਜਾਂ ਵਿਚ ਕਿਸੇ ਵੀ ਧਰਮ ਦੀ ਸਿਖਿਆ ਨਹੀਂ ਦਿਤੀ ਜਾਵੇਗੀ। ਇਸ ਦੇ ਵੀ ਕਾਰਨ ਹਨ। ਕਿਉਂਕਿ ਸਾਡੇ ਦੇਸ਼ ਵਿਚ ਕਈ ਮਤ ਮਤਾਂਤਰ ਹਨ ਇਸ ਲਈ ਸਰਕਾਰ ਲਈ ਮੁਸ਼ਕਲ ਹੈ ਕਿ ਕਿਸ ਧਰਮ ਜਾਂ ਮਤ ਦਾ ਪ੍ਰਚਾਰ ਕਰੇ। ਇਸਲਾਮੀ ਦੇਸ਼ਾਂ ਵਿਚ ਜਾਂ ਈਸਾਈ ਦੇਸਾਂ ਵਿਚ ਸਰਕਾਰੀ ਸਕੂਲਾਂ ਵਿਚ ਧਾਰਮਿਕ ਸਿਖਿਆ ਦੇਣਾ ਕੋਈ ਔਖੀ ਗਲ ਨਹੀਂ, ਕਿਉਂਕਿ ਧਰਮ ਇਕੋ ਹੈ ਤੇ ਬਹੁ ਗਿਣਤੀ ਦਾ ਹੈ, ਪਰ ਭਾਰਤ ਵਰਗੇ ਦੇਸ਼ ਲਈ ਇਹ ਕਠਨ ਹੈ। ਹੁਣ ਸਮਸਿਆ ਇਹ ਹੈ ਕਿ ਰਾਜ ਉਤੇ ਪਰਿਵਾਰ ਨੂੰ ਭਰੋਸਾ ਹੈ ਕਿ ਉਹ ਉਹਨਾਂ ਦੇ ਬਚਿਆਂ ਦੀ ਸਿਖਿਆ ਦਾ ਪ੍ਰਬੰਧ ਕਰੇਗਾ, ਪਰ ਹੁਣ ਤਕ ਰਾਜ ਆਪਣੇ ਨਾਗਰਿਕਾਂ ਨੂੰ ਉਹ ਸਿਖਿਆ ਦੇਣ ਤੋਂ ਅਸਮਰਥ ਰਿਹਾ ਹੈ, ਜਿਸ ਨਾਲ ਉਹਨਾਂ ਨੂੰ ਆਪਣੀ ਹੋਂਦ ਦਾ, ਆਪਣੇ ਆਤਮਕ ਜੀਵਨ ਦਾ ਕੋਈ ਗਿਆਨ ਹੋ ਸਕਦਾ। ਉਹਨਾਂ



www.AKJ.Org

ਦੀ ਰੂਹ ਭੁਖੀ ਰਹਿੰਦੀ ਹੈ। ਦੇਸ਼ ਵਿਚ ਅਜਿਹੇ ਨਾਗਰਿਕ ਬਣ ਰਹੇ ਹਨ, ਜੋ ਧਰਮ-ਨਿਰਪਖ ਹਨ। ਉਹ ਨਾਗਰਿਕ, ਜਿਨ੍ਹਾਂ ਨੂੰ ਪਤਾ ਨਹੀਂ, ਕਿ ਧਰਮ ਕੀ ਚੀਜ਼ ਹੈ। ਨਾ ਹੀ ਇਸ ਗਲ ਤੋਂ ਜਾਣੂ ਹਨ, ਕਿ ਮਨੁਖੀ ਜੀਵਨ ਦਾ ਸਮਾਜਿਕ ਸਹਿਚਾਰ ਦਾ ਆਧਾਰ ਧਰਮ ਹੈ।

ਜਿਥੇ ਸਰਕਾਰ ਲਈ ਧਾਰਮਕ ਸਿਖਿਆ ਦੇਣਾ ਕਠਨ ਹੈ, ਉਥੇ ਇਸ ਨੂੰ ਅਖੋਂ ਉਹਲੇ ਕਰਨਾ ਕੀ ਸੌਖੀ ਗਲ ਹੈ? ਇਸ ਬਾਰੇ ਮੇਰੇ ਦੋ ਸੁਝਾ ਹਨ।

੧. ਸਰਕਾਰ ਅਜਿਹਾ ਪ੍ਰਬੰਧ ਸਕੂਲਾਂ ਵਿੱਚ ਬਣਾਏ ਕਿ ਹਰ ਹਫਤੇ ਦੋ ਤਿੰਨ ਮੁਖ ਧਰਮਾਂ ਦੇ ਧਰਮ ਗਰੰਥਾਂ ਤੋਂ ਉਪਦੇਸ਼ ਦਿਤਾ ਜਾਏ।

੨. ਜੇ ਰਾਜ ਇਸ ਕੰਮ ਨੂੰ ਪੂਰਾ ਨਹੀਂ ਕਰ ਸਕਦਾ ਤਾਂ ਪਰਿਵਾਰ ਨੂੰ ਇਹ ਚੰਗੀ ਤਰਾਂ ਸਮਝ ਲੈਣਾ ਚਾਹੀਦਾ ਹੈ ਕਿ ਇਸ ਖੇਤਰ [ਧਾਰਮਿਕ ਸਿਖਿਆ ਵਿਚ] ਉਹ ਆਪ ਆਪਣੇ ਨਿਜੀ ਜਤਨਾਂ ਤੋਂ ਕੰਮ ਲਵੇ ਤਾਂ ਕਿ ਜਿਸ ਘਾਟ ਨੂੰ ਰਾਜ ਪੂਰਾ ਨਹੀਂ ਕਰ ਸਕਦਾ, ਉਹ ਖ਼ੁਦ ਜ਼ਿਮੇਂਵਾਰੀ ਲਵੇ। ਇਸ ਜ਼ਿਮੇਂਵਾਰੀ ਤੋਂ ਅਖਾਂ ਮੀਟਣੀਆਂ ਸਾਰੇ ਸਮਾਜ ਲਈ ਹਾਨੀ ਕਾਰਕ ਹੋਵੇਗਾ। ਜੋ ਭਾਰਤ ਸਦੀਆਂ ਤੋਂ ਸਾਰੇ ਜਗਤ ਨੂੰ ਆਤਮਕ ਭੰਡਾਰੇ ਦਿੰਦਾ ਆਇਆ ਹੈ, ਉਹ ਭਾਰਤ ਗਿਆਨ ਹੀਨ ਹੋ ਕੇ, ਮਾਦਾ ਪ੍ਰਸਤ ਹੋ ਕੇ, ਆਤਮਕ ਸੁਖ ਆਨੰਦ ਤੋਂ ਸਖਣਾ ਹੋਰ ਕੌਮਾਂ ਵਿੱਚ ਇਉਂ ਫਿਰੇਗਾ, ਜਿਵੇਂ ਇਕ ਉਚ ਕੋਟੀ ਦਾ ਮਹਾਤਮਾ ਆਪਣੇ ਉਚੇ ਆਚਰਨਾਂ ਤੋਂ ਡਿਗ ਪਿਆ ਹੈ।



www.AKJ.Org

# ਨੀਲੇ ਘੋੜੇ ਵਾਲਾ

(ਭਾਈ ਰਣਜੀਤ ਸਿੰਘ ਬੀ. ਏ. ਬੀ. ਟੀ)

ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਾਰੇ ਆਮ ਲੋਕ-ਪ੍ਰਿਯ ਗਾਏ ਇਹ ਹੈ ਕਿ ਉਹ ਪੰਥ ਦੇ ਵਾਲੀ, ਅੰਮ੍ਰਿਤ ਕੇ ਦਾਤਾ, ਚਿਟਿਆਂ ਬਾਜਾਂ ਵਾਲੇ, ਦੋ ਜਹਾਨ ਦੇ ਵਾਲੀ [ਲੋਕ ਪ੍ਰਲੋਕ ਦੇ ਮਾਲਿਕ], ਕਲਗੀਆਂ ਵਾਲੇ ਤੇ ਨੀਲੇ ਘੋੜੇ ਵਾਲੇ ਸਨ। ਇਸ ਲੇਖ ਵਿਚ ਅਸਾਂ ਸਿਰਫ਼ ਇਹ ਵਿਚਾਰ ਕਰਨੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਨੀਲੇ ਘੋੜੇ ਵਾਲੇ ਸ਼ਬਦਾਂ ਨਾਲ ਕਿਉਂ ਯਾਦ ਕੀਤਾ ਜਾਂਦਾ ਹੈ ? ਨੀਲੇ ਘੋੜੇ ਤੋਂ ਕੀ ਭਾਵ ਹੈ ? ਉਸ ਦੀ ਫ਼ਿਲਾਸਫ਼ੀ ਕੀ ਹੈ ਅਤੇ ਜਦੋਂ ਗੁਰੂ ਗੋਬਿੰਦ ਸਿੰਘ ਜੀ ਦੇ ਪਵਿਤ੍ਰ ਵਾਕਾਂ ਅਨੁਸਾਰ:—

"ਖਾਲਸਾ ਮੇਰੋ ਰੂਪ ਹੈ ਖਾਸ।
ਖਾਲਸੇ ਮਹਿ ਹਉ ਕਰਉ ਨਿਵਾਸ।
ਖਾਲਸਾ ਮੇਰੋ ਪਿੰਡ ਪਰਾਨ।
ਖਾਲਸਾ ਮੇਰੀ ਜਾਨ ਕੀ ਜਾਨ।
ਖਾਲਸਾ ਮੇਰੋ ਸਤਿਗੁਰ ਪੂਰਾ।
ਖਾਲਸਾ ਮੇਰੋ ਸਜਨ ਸੂਰਾ।
ਯਾ ਮੈ ਰੰਚ ਨ ਮਿਥਿਆ ਭਾਖੀ।
ਪਾਰਬ੍ਰਹਮ ਗੁਰੂ ਨਾਨਕ ਸਾਖੀ।

ਭਾਵ ਖਾਲਸਾ ਗੁਰੂ ਦਾ ਰੂਪ ਹੈ, ਗੁਰੂ ਖਾਲਸੇ ਵਿੱਚ ਵਸਦਾ ਹੈ; ਗੁਰੂ ਤੇ ਸਿੱਖ ਵਿਚ ਕੋਈ ਫਰਕ ਨਹੀਂ, ਤਾਂ ਫਿਰ ਖਾਲਸਾ ਵੀ ਨੀਲੇ ਘੋੜੇ ਵਾਲਾ ਹੋਇਆ।

ਆਓ, ਅਸੀਂ ਵਿਚਾਰ ਕਰੀਏ ਕਿ ਇਹ ਕਿਉਂ ਤੇ ਕਿਸ ਤਰਾਂ ?

[੧]

ਸਭ ਤੋਂ ਪਹਿਲੇ ਨੀਲੇ ਸ਼ਬਦ ਦਾ ਭਾਵ ਲੈਂਦੇ ਹਾਂ। ਨੀਲਾ ਇਕ ਰੰਗ ਹੈ। ਹਰ ਇਕ ਰੰਗ ਦੀ ਆਪੋ ਆਪਣੀ ਮਹੱਤਤਾ ਹੁੰਦੀ ਹੈ;



www.AKJ.Org

ਅਤੇ ਹਰ ਇਕ ਰੰਗ ਕਿਸੇ ਨ ਕਿਸੇ ਭਾਵ ਨੂੰ ਪ੍ਰਗਟਾਉਂਦਾ ਹੈ। ਜਿਵੇਂ ਲਾਲ ਰੰਗ ਖਤਰੇ ਦਾ ਰੰਗ ਹੈ। ਜਿਥੇ ਲਾਲ ਝੰਡੀ ਹੋਵੇ, ਸਪਸ਼ਟ ਹੋ ਜਾਂਦਾ ਹੈ ਕਿ ਇਸ ਥਾਂ ਪੁਰ ਕੋਈ ਨ ਕੋਈ ਖਤਰਾ ਹੈ। ਕਾਲਾ ਰੰਗ ਸੋਗ ਦਾ ਰੰਗ ਹੈ, ਪਰੋਟੈਸਟ ਦਾ ਚਿੰਨ੍ਹ ਹੈ। ਚਿੱਟਾ ਰੰਗ ਸੁਲ੍ਹਾ ਦਾ ਰੰਗ ਹੈ, ਮਨ ਦੀ ਪਵਿਤਰਤਾ ਦਾ ਚਿੰਨ ਹੈ, ਬਜ਼ੁਰਗੀ ਦਾ ਚਿੰਨ੍ਹ ਹੈ, ਅਕਲ ਦੀ ਨਿਸ਼ਾਨੀ ਹੈ। ਹਰਾ ਰੰਗ ਖੁਸ਼ਹਾਲੀ ਦਾ ਰੰਗ ਹੈ, ਉਨਤੀ ਦਾ ਚਿੰਨ ਹੈ, ਵਧੇ ਚਲਣ ਦੀ ਸੂਚਨਾ ਹੈ। ਪੀਲਾ ਰੰਗ ਬੀਮਾਰੀ ਦਾ ਰੰਗ ਹੈ, ਕਮਜ਼ੋਰੀ ਦਾ ਰੰਗ ਹੈ, ਟੁਟੇ ਦਿਲ ਦੀ ਨਿਸ਼ਾਨੀ ਹੈ। ਕੇਸਰੀ ਰੰਗ ਬਹਾਦਰੀ ਦਾ ਰੰਗ ਹੈ, ਜੂਝ ਮਰਨ ਦਾ ਰੰਗ ਹੈ, ਅਣਖ ਤੇ ਗ਼ੈਰਤ ਦਾ ਜੀਵਨ ਬਤੀਤ ਕਰਨ ਦਾ ਪ੍ਰਗਟਾਵਾ ਹੈ। ਇਸੇ ਤਰਾਂ ਨੀਲਾ ਰੰਗ ਵੀ ਕਿਸੇ ਭਾਵ ਨੂੰ ਦਰਸਾਉਂਦਾ ਹੈ। ਨੀਲਾ ਰੰਗ ਹਿਰਦੇ ਦੀ ਵਿਸ਼ਾਲਤਾ ਦਾ ਚਿੰਨ੍ਹ ਹੈ, ਹਿਰਦੇ ਦੀ ਨਿਰਲੇਪਤਾ ਦਾ ਚਿੰਨ੍ਹ ਹੈ।

ਜਿਸ ਤਰਾਂ ਅਸੀਂ ਨੀਲੇ ਅਸਮਾਨ ਦਾ ਅੰਤ ਨਹੀਂ ਪਾ ਸਕਦੇ ਕਿ ਇਹ ਕਿਤਨਾ ਕੁ ਹੈ, ਇਹ ਕਿਤਨਾ ਕੁ ਲੰਬਾ ਚੌੜਾ ਹੈ? ਜਿਸ ਤਰਾਂ ਅਸੀਂ ਨੀਲੇ ਸਮੁੰਦਰ ਦੀ ਗਹਿਰਾਈ ਨੂੰ ਨਹੀਂ ਨਾਪ ਸਕਦੇ, ਇਹ ਨਹੀਂ ਦਸ ਸਕਦੇ ਕਿ ਇਹ ਕਿਤਨਾ ਕੁ ਗਹਿਰਾ ਹੈ, ਇਸੇ ਤਰਾਂ ਅਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਹਿਰਦੇ ਦੀ ਗਹਿਰਾਈ ਤਕ ਨਹੀਂ ਪਹੁੰਚ ਸਕਦੇ। ਅਸੀਂ ਇਹ ਨਹੀਂ ਦਸ ਸਕਦੇ ਕਿ ਉਨ੍ਹਾਂ ਦਾ ਹਿਰਦਾ ਕਿਤਨਾ ਵਿਸ਼ਾਲ ਸੀ? ਇਸੇ ਤਰਾਂ ਅਸੀਂ ਖਾਲਸੇ ਦੇ ਹਿਰਦੇ ਦੀ ਵਿਸ਼ਾਲਤਾ, ਉਸਦੀ ਉਦਾਰ-ਚਿੱਤਤਾ ਬਾਰੇ ਅੰਦਾਜ਼ਾ ਨਹੀਂ ਲਾ ਸਕਦੇ। ਖਾਲਸੇ ਦੀ ਨੀਲੀ ਪਗੜੀ, ਖਾਲਸੇ ਦੀ ਉਦਾਰ-ਚਿੱਤਤਾ ਤੇ ਵਿਸ਼ਾਲਤਾ ਨੂੰ ਪ੍ਰਗਟਾਉਂਦੀ ਹੈ। ਖਾਲਸੇ ਦੀ ਪਗੜੀ ਇਸ ਗਲ ਦਾ ਸਬੂਤ ਹੈ ਕਿ ਖਾਲਸਾ ਤੰਗ ਦਿਲ ਨਹੀਂ, ਖਾਲਸਾ ਇਕ ਵਿਸ਼ਾਲ ਦਿਲ ਹੈ, ਬੜੇ ਜਿਗਰੇ ਦਾ ਮਾਲਿਕ ਹੈ। ਉਹ ਕੋਈ ਕਮੀਨੀ, ਨੀਚ ਤੇ ਘਟੀਆ ਗਲ ਕਦੇ ਨਹੀਂ ਕਰ ਸਕਦਾ। ਉਹ ੧ ਓ ਦਾ ਉਪਾਸ਼ਕ ਹੈ। ਉਸ ਦੇ ਮਨ ਅੰਦਰ ਕਿਸੇ ਕਿਸਮ ਦਾ ਵਿਤਕਰਾ ਨਹੀਂ। ਉਹ



www.AKJ.Org

ਕਿਸੇ ਕਿਸਮ ਦਾ ਜਾਤ-ਪਾਤ ਦਾ ਵਿਤਕਰਾ ਨਹੀਂ ਕਰਦਾ। ਉਹ ਕਿਸੇ ਵੀ ਰੂਪ, ਰੰਗ, ਰੇਖ, ਭੇਖ ਤੇ ਦੇਸ ਨੂੰ ਕੋਈ ਖ਼ਾਸ ਮਹੱਤਤਾ ਨਹੀਂ ਦਿੰਦਾ। ਉਹ ਅਮੀਰੀ ਤੇ ਗਰੀਬੀ ਵਿਚ ਕੋਈ ਫਰਕ ਨਹੀਂ ਸਮਝਦਾ। ਉਸ ਦੇ ਅੰਦਰ ਸਰਬੱਤ ਦੇ ਭਲੇ ਦੀ ਧੁਨ ਸਮਾਈ ਹੋਈ ਹੈ। ਖਾਲਸਾ ਸਰਬੱਤ ਦਾ ਭਲਾ ਚਾਹੁੰਦਾ ਹੈ ਤੇ ਕਿਸੇ ਨਾਲ ਵੀ ਵਿਤਕਰਾ ਨਹੀਂ ਕਰਦਾ।

[੨]

ਘੋੜਾ ਸ਼ਕਤੀ ਦਾ ਚਿੰਨ੍ਹ ਹੈ। ਪੁਰਾਤਨ ਸਮੇਂ ਤੋਂ ਬੜੇ ਬੜੇ ਬਹਾਦਰ, ਜਰਨੈਲ, ਸੂਰਮੇ, ਯੋਧੇ, ਘੋੜੇ ਦੀ ਸਵਾਰੀ ਕਰਦੇ ਚਲੇ ਆਏ ਹਨ। ਜਿਤਨਾ ਹੀ ਤਕੜਾ ਜ਼ਰਨੈਲ ਹੁੰਦਾ ਸੀ, ਉਤਨਾ ਹੀ ਤਕੜਾ ਉਸਦਾ ਘੋੜਾ ਹੁੰਦਾ ਸੀ। ਜਿਤਨਾ ਵਡਾ ਰਾਜਾ ਹੁੰਦਾ ਸੀ, ਉਤਨੇ ਹੀ ਵੱਧ ਘੋੜੇ ਉਹ ਆਪਣੀ ਬੱਘੀ ਨੂੰ ਜੋੜਦਾ ਸੀ। ਜੇ ਛੋਟਾ ਰਜਵਾੜਾ ਆਪਣੀ ਬੱਘੀ ਨੂੰ ਦੋ ਘੋੜੇ ਜੋੜਦਾ ਤੇ ਉਸ ਤੋਂ ਵਡਾ ਰਾਜਾ ਚਾਰ ਘੋੜੇ ਦੀ ਬੱਘੀ ਦੀ ਸਵਾਰੀ ਕਰਦਾ ਤਾਂ ਜੋ ਆਪਣੇ ਆਪ ਨੂੰ ਮਹਾਰਾਜਾ ਅਖਵਾਉਂਦਾ, ਉਹ ਅੱਠ ਘੋੜੇ ਵਾਲੀ ਬੱਘੀ ਦੀ ਸਵਾਰੀ ਕਰਦਾ। ਭਾਵ ਕਿ ਰਾਜਿਆਂ ਦੀ ਸ਼ਕਤੀ ਬੱਘੀ ਦੇ ਘੋੜਿਆਂ ਦੀ ਗਿਣਤੀ ਤੋਂ ਪ੍ਰਗਟ ਹੁੰਦੀ।

ਅਜ ਕਲ੍ਹ ਸਾਇੰਸ ਦੇ ਯੁਗ ਵਿਚ ਵੀ ਤਾਕਤ ਨੂੰ ਘੋੜਿਆਂ ਦੇ ਰੂਪ ਵਿਚ ਹੀ ਬਿਆਨ ਕੀਤਾ ਜਾਂਦਾ ਹੈ। ਜਿਤਨੀ ਵੀ ਮਸ਼ੀਨਰੀ ਹੈ ਉਸ ਦੀ ਤਾਕਤ ਨੂੰ ਘੋੜਿਆਂ ਦੀ ਗਿਣਤੀ ਨਾਲ ਹੀ ਤੁਲਨਾ ਦਿਤੀ ਜਾਂਦੀ ਹੈ। ਜਿਵੇਂ ਇਕ ਪੀਟਰ ਇੰਜਨ ਵਿਚ - ਘੋੜੇ ਦੀ ਤਾਕਤ ਹੁੰਦੀ ਹੈ। ਇਕ ਸਲੇਵੀਆ ਇੰਜਣ ਵਿਚ ਅੱਠ ਘੋੜੇ ਦੀ ਤਾਕਤ ਹੁੰਦੀ ਹੈ। ਕਈ ਇੰਜਨ ਦਸ ਘੋੜੇ ਦੀ ਤਾਕਤ ਭੀ ਰਖਦੇ ਹਨ। ਇਸੇ ਤਰਾਂ ਟਰੈਕਟਰਾਂ ਨੂੰ ਲੈ ਲਵੋ, ਕੋਈ ੧੪ ਘੋੜੇ ਦੀ, ਕੋਈ ੨੮ ਘੋੜੇ ਦੀ, ਕੋਈ ੩੫ ਘੋੜੇ ਦੀ ਤੇ ਕੋਈ ੪੦ ਘੋੜੇ ਦੀ ਸ਼ਕਤੀ ਰਖਦਾ ਹੈ। ਕਾਰਾਂ, ਮੋਟਰ-ਸਾਈਕਲਾਂ, ਤੇ ਟਰਕਾਂ ਆਦਿ ਦੀ ਤਾਕਤ ਵੀ ਘੋੜੇ ਦੇ ਰੂਪ ਵਿਚ ਹੀ ਨਾਪੀ ਜਾਂਦੀ ਹੈ। ਬਿਜਲੀ ਦੀਆਂ ਮੋਟਰਾਂ ਦੀ ਸ਼ਕਤੀ ਵੀ



www.AKJ.Org

ਘੋੜੇ ਦੇ ਰੂਪ ਵਿਚ ਹੀ ਮਾਪੀ ਜਾਂਦੀ ਹੈ। ਭਾਵ ਮੇਰਾ ਕਥਨ ਦਾ ਇਹ ਕਿ ਘੋੜਾ ਸ਼ਕਤੀ ਦਾ ਚਿੰਨ੍ਹ ਹੈ । ਜਿਸ ਤਰਾਂ ਲੰਬਾਈ ਤੇ ਚੌੜਾਈ ਨੂੰ ਗਜ਼ਾਂ ਜਾਂ ਮੀਟਰਾਂ ਵਿਚ ਨਾਪਿਆ ਜਾਂਦਾ ਹੈ, ਕਿਸੇ ਚੀਜ਼ ਦਾ ਭਾਰ ਸੇਰਾਂ ਜਾਂ ਕਿਲੋਗ੍ਰਾਮਾਂ ਵਿਚ ਕੀਤਾ ਜਾਂਦਾ ਹੈ । ਇਸੇ ਤਰਾਂ ਸ਼ਕਤੀ ਨੂੰ ਘੋੜਿਆਂ ਦੇ ਰੂਪ ਵਿਚ ਹੀ ਨਾਪਿਆ ਜਾਂਦਾ ਹੈ ਤੇ ਨਾਪਿਆ ਜਾਇਆ ਕਰੇਗਾ।

ਜਿਵੇਂ ਘੋੜਾ ਸ਼ਕਤੀ ਦਾ ਚਿੰਨ੍ਹ ਹੈ। ਤਾਕਤ ਦਾ ਚਿੰਨ ਹੈ। ਇਸੇ ਤਰਾਂ ਖਾਲਸਾ ਸ਼ਕਤੀ ਦਾ ਧਾਰਨੀ ਹੈ, ਖਾਲਸਾ ਸ਼ਕਤੀ ਦੇ ਖੰਭਾਂ ਉਪਰ ਉਡਦਾ ਹੈ। ਜਿਤਨੀ ਦੇਰ ਖਾਲਸਾ ਹੈ, ਸ਼ੁਭ ਕੰਮਾਂ ਦੀ ਖਾਤਰ ਜੂਝਦਾ ਰਹੇਗਾ। ਸ਼ੁਭ ਕੰਮਾਂ ਵਾਸਤੇ ਸ਼ਕਤੀ ਦੀ ਅਤਿਅੰਤ ਜ਼ਰੂਰਤ ਹੈ ਸੋ ਘੋੜੇ ਤੇ ਖਾਲਸੇ ਦਾ ਧੁਰ ਦਾ ਸਬੰਧ ਹੈ ਅਤੇ ਰਹਿੰਦੀ ਦੁਨੀਆਂ ਤਕ ਰਹੇਗਾ।

[੪]

ਹੁਣ ਤਕ ਆਪਾਂ ਨੇ ਵੇਖਿਆ ਹੈ ਕਿ ਨੀਲੇ ਸ਼ਬਦ ਤੋਂ ਭਾਵ ਹੈ ਉਦਾਰਚਿਤੱਤਾ, ਵਿਸ਼ਾਲਤਾ, ਬੇਅੰਤਤਾ ਤੇ ਘੋੜੇ ਤੋਂ ਭਾਵ ਹੈ ਸ਼ਕਤੀ, ਤਾਕਤ, ਫਿਰ ਦੋਹਾਂ ਸ਼ਬਦਾਂ ਨੂੰ ਇਕਠਿਆਂ ਰਖਣ ਨਾਲ ਭਾਵ ਇਹ ਨਿਕਲਿਆ, ਵਿਸ਼ਾਲ ਸ਼ਕਤੀ, ਬੇਅੰਤ ਸ਼ਕਤੀ, ਉਹ ਸ਼ਕਤੀ ਜਿਸ ਦੀ ਨ ਕੋਈ ਮਿਣਤੀ ਹੈ ਤੇ ਨਾ ਕੋਈ ਗਿਣਤੀ ਹੈ । ਤਾਂ ਫਿਰ ਨੀਲੇ ਘੋੜੇ ਵਾਲਾ, ਨੀਲੇ ਘੋੜੇ ਦਾ ਮਾਲਿਕ [ਸ੍ਵਾਮੀ] ਕੌਣ ਹੋਇਆ ? ਉਹ ਜਿਸ ਦੀ ਸ਼ਕਤੀ ਦਾ ਅੰਦਾਜ਼ਾ ਨਹੀਂ ਲਗ ਸਕਦਾ । ਉਹ ਜੋ ਵਿਸ਼ਾਲ ਸ਼ਕਤੀ ਦਾ ਮਾਲਿਕ ਹੈ । ਉਹ ਜੋ Unlimited power ਦਾ ਧਾਰਨੀ ਹੈ। ਉਹ ਕੌਣ ? [ਗੁਰੂ ਗੋਬਿੰਦ ਸਿੰਘ ਜੀ] । ਉਹ ਜਿਸਨੇ ਆਪਣੇ ਮੁਖਾਰਬਿੰਦ ਤੋਂ ਇਹ ਸ਼ਬਦ ਉਚਾਰੇ ਸਨ:–

"ਸਵਾ ਲਾਖ ਸੇ ਏਕ ਲੜਾਊਂ ॥
ਤਬੈ ਗੋਬਿੰਦ ਸਿੰਘ ਨਾਮ ਕਹਾਊਂ ॥

ਜਿਨ੍ਹਾਂ ਜ਼ਫਰਨਾਮੇ ਵਿਚ ਆਪਣੀ ਤਾਕਤ ਬਾਰੇ ਇਉਂ



www.AKJ.Org

ਫੁਰਮਾਇਆ ਹੈ:-

ਚਿ: ਦੁਸ਼ਮਨ ਕੁਨਦ ਮਿਹਰਬਾਂ ਅਸਤ ਦੋਸਤ।
ਕਿ ਬਖਸ਼ਿੰਦਗੀ ਕਾਰਿ ਬਖਸ਼ਿੰਦਾ ਓਸਤ।

ਭਾਵ:-ਮੇਰਾ ਦੁਸ਼ਮਨ ਕੀ ਕਰ ਸਕਦਾ ਹੈ? ਮੇਰਾ ਕੁਝ ਨਹੀਂ ਵਿਗਾੜ ਸਕਦਾ। ਉਸਦੀ ਤਾਕਤ ਮੇਰੀ ਤਾਕਤ ਸਾਹਮਣੇ ਹੇਚ ਹੈ। ਹੇਚ ਇਸ ਵਾਸਤੇ ਹੈ ਕਿ ਜੋ ਮੇਰੇ ਪਾਸ ਤਾਕਤ ਹੈ ਉਹ ਮੈਨੂੰ ਮੇਰੇ ਮਿਹਰਬਾਨ ਪ੍ਰਭੂ ਨੇ ਦਿਤੀ ਹੈ। ਉਸ ਦੀ ਮੇਰੇ ਉਪਰ ਬਖਸ਼ਸ਼ ਹੋਈ ਹੈ। ਉਸ ਦੀ ਬਖਸ਼ਸ਼ ਜਿਸ ੳੁਪਰ ਹੋ ਜਾਂਦੀ ਹੈ, ਫਿਰ ਉਸਨੂੰ ਹੋਰ ਕਿਸੇ ਦੀ ਬਖਸ਼ਿਸ਼ ਦੀ ਲੋੜ ਨਹੀਂ ਰਹਿੰਦੀ।

ਫਿਰ ਆਪ ਜ਼ਫ਼ਰ ਨਾਮੇ ਵਿਚ ਹੀ ਫੁਰਮਾਉਂਦੇ ਹਨ:-

ਹੁਮਾਰਾ ਕਸੇ ਸਾਯਾ ਆਯਦ ਬਜੇਰ।
ਬਰੋ ਦਸਤ ਦਾਰਦ ਨ ਜ਼ਾਗੇ ਦਲੇਰ।੧੬।
ਕਸੇ ਪੁਸ਼ਤ ਉਫਤਦ ਪਸੇ ਸ਼ੇਰਿ ਨਰ।
ਨਗੀਰਦ ਬੁਜੋ ਮੇਸ਼ੋ ਆਹੂ ਗੁਜ਼ਰ ।੧੭।

ਭਾਵ:-ਜੇ ਕੋਈ ਹੂਮਾ ਦੇ ਪਰਛਾਵੇਂ ਥੱਲੇ (ਪ੍ਰਭੂ ਦੀ ਸ਼ਰਨ) ਆ ਜਾਵੇ ਤਾਂ ਉਸਨੂੰ ਕੋਈ ਚਲਾਕ ਕਾਂ ਹਥ ਨਹੀਂ ਪਾ ਸਕਦਾ। ਚਲਾਕ ਕਾਂ ਉਸਦਾ ਕੁਝ ਨਹੀਂ ਵਿਗਾੜ ਸਕਦਾ। ਇਸ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਬੜੀ ਦਲੇਰੀ ਤੇ ਬੜੇ ਸੋਹਣੇ ਢੰਗ ਨਾਲ ਇਹ ਦਰਸਾਇਆ ਹੈ ਕਿ ਔਰੰਗਜ਼ੇਬ ਦੀਆਂ ਕਰਤੂਤਾਂ ਇਕ ਚਲਾਕ ਕਾਂ ਵਾਲੀਆਂ ਸਨ। ਜਿਸ ਤਰਾਂ ਕਾਂ ਆਪਣੇ ਆਪ ਨੂੰ ਬੜਾ ਚਤੁਰ ਤੇ ਸਿਆਣਾ ਸਮਝਦਾ ਹੈ, ਇਸੇ ਤਰਾਂ ਔਰੰਗਜ਼ੇਬ ਵੀ ਆਪਣੇ ਬੜਾ ਚਤੁਰ ਤੇ ਸਿਆਣਾ ਸਮਝਦਾ ਸੀ! ਕਾਂ ਅੰਤ ਨੂੰ ਗੰਦਗੀ ਉਪਰ ਹੀ ਬੈਠਦਾ ਹੈ; ਇਸੇ ਤਰਾਂ ਔਰੰਗਜ਼ੇਬ ਦੀ ਨਿਗਾਹ ਵੀ ਮਾਲ-ਅਸਬਾਬ (ਲੁਟ-ਮਾਰ) ਉਪਰ ਹੀ ਰਹਿੰਦੀ ਸੀ।੧੬।

ਜੇ ਕੋਈ ਸ਼ੇਰ ਦੀ ਸ਼ਰਨ ਵਿਚ ਆ ਗਿਆ ਹੋਵੇ ਭਾਵ ਜੇ ਕੋਈ ਵਾਹਿਗੁਰੂ ਦੀ ਸ਼ਰਨ ਵਿਚ ਆ ਗਿਆ ਹੋਵੇ ਤਾਂ ਫਿਰ ਤਾਂ ਫਿਰ ਉਸ



www.AKJ.Org

ਦਾ ਬਕਰੀ ਭੇਡ ਤੇ ਹਿਰਨ ਕੀ ਵਿਗਾੜ ਸਕਦੇ ਹਨ ? ਕੁਝ ਨਹੀਂ ਵਿਗਾੜ ਸਕਦੇ। ਜਿਸ ਤਰਾਂ ਬਕਰੀ, ਭੇਡ ਤੇ ਹਿਰਨ ਦੀ ਸ਼ੇਰ ਅਗੇ ਕੋਈ ਪੇਸ਼ ਨਹੀਂ ਜਾਂਦੀ, ਉਸੇ ਤਰਾਂ ਜੋ ਵਾਹਿਗੁਰੂ ਦਾ ਸੇਵਕ ਹੈ ਉਸ ਨੂੰ ਹੋਰ ਸੰਸਾਰ ਦੇ ਲੋਕ ਕਿਸੀ ਕਿਸਮ ਦਾ ਦੁਖ ਨਹੀਂ ਦੇ ਸਕਦੇ।

"ਸਿੰਘ ਸਰਨ ਕਤ ਜਾਈਐ ਜਉ ਜੰਬੁਕੁ ਗ੍ਰਾਸੈ" ॥੧੭॥(ਸਧਨਾ)

ਹੁਣ ਤਕ ਦੀ ਵਿਚਾਰ ਇਸ ਗਲ ਤਕ ਪਹੁੰਚੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੀਲੇ ਘੋੜੇ ਦੇ ਮਾਲਕ ਸਨ ਭਾਵ ਉਨ੍ਹਾਂ ਵਿਚ ਉਹ ਮਹਾਨ ਸ਼ਕਤੀ ਸੀ, ਜਿਸ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ ਤੇ ਉਹ ਸ਼ਕਤੀ ਅਜ ਖਾਲਸੇ ਵਿੱਚ ਹੈ । ਖ਼ਾਲਸਾ ਵੀ ਅਜ ਨੀਲੇ-ਘੋੜੇ ਦਾ ਮਾਲਿਕ ਹੈ, ਭਾਵ ਖਾਲਸੇ ਵਿਚ ਵੀ ਅਜ ਉਹ ਸ਼ਕਤੀ ਹੈ, ਜਿਸ ਦਾ ਅੰਤ ਨਹੀਂ ਪਾਇਆ ਜਾ ਸਕਦਾ। ਖਾਲਸੇ ਨੇ ਪੰਜਾਂ ਦਸਾਂ ਸਾਲਾਂ ਵਿਚ ਕੀ ਨਹੀਂ ਕਰ ਵਖਾਇਆ ? ਇਹ ਆਮ ਕਹਾਵਤ ਹੈ ਕਿ ਦਰਿਆਵਾਂ ਦੇ ਵਹਿਣ ਨਹੀਂ ਬਦਲੇ ਜਾ ਸਕਦੇ, ਪਰ ਖਾਲਸੇ ਨੇ ਦਰਿਆਵਾਂ ਦੇ ਵਹਿਣ ਭੀ ਬਦਲ ਕੇ ਵਿਖਾਲ ਦਿਤੇ ਹਨ । ਹਰ ਇਕ ਅਸੰਭਵ ਗਲ ਨੂੰ ਸੰਭਵ ਬਣਾ ਕੇ ਵਿਖਾ ਦਿੱਤਾ ਹੈ। ਚੀਨ ਤੇ ਪਾਕਿਸਤਾਨੀ ਹਮਲਾਵਰਾਂ ਦੇ ਜਿਸ ਬਹਾਦਰੀ ਨਾਲ ਖਾਲਸੇ ਨੇ ਮੂੰਹ ਭਵਾਏ ਹਨ, ਉਸ ਦਾ ਪੰਜਾਬ ਹੀ ਬਲਕਿ ਸਾਰਾ ਹਿੰਦੁਸਤਾਨ ਰਿਣੀ ਹੈ । ਖਾਲਸੇ ਦੀ ਬਹਾਦਰੀ ਨੂੰ ਦੇਖ ਕੇ ਸਾਰਾ ਸੰਸਾਰ ਮੂੰਹ ਵਿਚ ਉਂਗਲਾਂ ਪਾ ਰਿਹਾ ਹੈ । ਖਾਲਸੇ ਨੇ ਸਿਧ ਕਰ ਵਖਾਇਆ ਹੈ ਕਿ ਖਾਲਸੇ ਦੀ ਤਾਕਤ ਨੂੰ ਸੰਸਾਰ ਦੀ ਕੋਈ ਹਸਤੀ ਲਲਕਾਰ ਨਹੀਂ ਸਕਦੀ। ਖਾਲਸੇ ਨੂੰ ਲਲਕਾਰੇ ਕੌਣ ? ਕੌਣ ਹੈ ਜੋ ਸ਼ੇਰ ਦੀ ਮੁੱਛ ਨੂੰ ਹਥ ਪਾਵੇ ? ਖਾਲਸਾ ਅਸੂਲਾਂ ਦਾ ਧਾਰਨੀ ਹੈ। ਖਾਲਸਾ ਸ਼ੁਭ ਕਰਮ ਕਰਦਾ ਹੈ ਅਤੇ ਸ਼ੁਭ ਕਰਮਾਂ ਦੀ ਖ਼ਾਤਰ ਆਪਣੀ ਜਾਨ ਤਲੀ ਤੇ ਧਰ ਕੇ ਜੂਝ ਮਰਨ ਦੀ ਸਮਰਥਾ ਰਖਦਾ ਹੈ । ਉਹ ਪ੍ਰਭੂ ਤੋਂ ਇਹੋ ਹੀ ਮੰਗਦਾ ਹੈ :-

"ਦੇਹ ਸ਼ਿਵਾ ਬਰ ਮੋਹਿ ਇਹੈ, ਸ਼ੁਭ ਕਰਮਨ ਤੇ ਕਬਹੂ ਨ ਟਰੋਂ ।
ਨ ਡਰੋਂ ਅਰ ਸਿਉ ਜਬ ਜਾਇ ਲਰੋਂ, ਨਿਸਚੈ ਕਰ ਅਪਨੀ ਜੀਤ ਕਰੋਂ ।


www.AKJ.Org

ਅਰ ਸਿਖ ਹੋਂ ਅਪਨੇ ਹੀ ਮਨ ਕੈ, ਇਹ ਲਾਲਚ ਹਉਗੁਨ ਤਉ ਉਚਰੋ।
ਜਬ ਆਵ ਕੀ ਅਉਧ ਨਿਦਾਨ ਬਨੈ,ਅਤ ਹੀ ਰਨ ਮਹਿ ਤਬ ਜੂਝ ਮਰੋਂ।
( ਚੰਡੀ ਚਰਿਤ੍ਰ )

ਇਸ ਸ੍ਵੈਯੇ ਤੋਂ ਇਕ ਗਲ ਹੋਰ ਸਪਸ਼ਟ ਹੁੰਦੀ ਹੈ, ਉਹ ਇਹ ਕਿ ਜਿਸ ਤਰਾਂ Khalsa lands ਇੰਗਲੈਂਡ ਦੇ ਬਾਦਸ਼ਾਹ ਦੇ ਸਿਧੀਆਂ ਅਧੀਨ ਹੁੰਦੀਆਂ ਸਨ, ਇਸੇ ਤਰਾਂ ਖਾਲਸੇ ਦਾ ਵੀ ਸਿਧਾ ਪ੍ਰਭੂ ਨਾਲ ਸਬੰਧ ਹੈ। ਇਸ ਨੇ ਇਕ ਅਕਾਲ-ਪੁਰਖ ਤੋਂ ਬਿਨਾਂ ਹੋਰ ਕਿਸੇ ਨੂੰ ਨਹੀਂ ਮੰਨਣਾ। ਖਾਲਸਾ ਕਿਸੇ ਭਰਮਤੇ ਬਹਿਸ ਵਿਚ ਨਹੀਂ ਪੈਂਦਾ, ਇਹ ਇਕ ਜੋਤ ਦਾ ਉਪਾਸ਼ਕ ਹੈ। ਇਸ ਨੇ ਉਹੀ ਜੋਤ ਆਪਣੇ ਅੰਦਰ ਜਗਾਉਣੀ ਹੈ।

"ਜਾਗਤ ਜੋਤ ਜਪੈ ਨਿਸ ਬਾਸਰ, ਏਕ ਬਿਨਾ ਮਨ ਨੈਕ ਨ ਆਨੈ॥
ਪੂਰਨ ਪ੍ਰੇਮ ਪ੍ਰਤੀਤ ਸਜੈ, ਬ੍ਰਤ, ਗੋਰ, ਮੜੀ, ਮਟ ਭੂਲਿ ਨ ਮਾਨੈ॥
ਤੀਰਥ, ਦਾਨ, ਦਇਆ, ਤਪ, ਸੰਜਮ, ਏਕ ਬਿਨਾ ਨਹ ਏਕ ਪਛਾਨੈ॥
ਪੂਰਨ ਜੋਤਿ ਜਗੈ ਘਟ ਮੈ, ਤਬ ਖਾਲਸ ਤਾਹਿ ਨਖਾਲਸ ਜਾਨੈ॥

ਖਾਲਸਾ ਆਪਣੇ ਅੰਦਰ ਪੂਰਨ ਜੋਤ ਜਗਾਉਣ ਕਰਕੇ ਹੀ ਮਹਾਨ ਹੈ, ਉਹ ਮਹਾਨ ਸ਼ਕਤੀ ਦਾ ਮਾਲਿਕ ਹੈ ਪਰ ਇਹ ਜੋਤਿ ਖਾਲਸੇ ਅੰਦਰ ਪੂਰੇ ਗੁਰੂ ਦੀ ਅਪਾਰ ਕ੍ਰਿਪਾ ਦੇ ਸਦਕੇ ਹੀ ਜਗੀ ਤੇ ਜਗਦੀ ਰਹਿਣੀ ਹੈ। ਗੁਰੂ ਦੀ ਕ੍ਰਿਪਾ ਤਦ ਹੋਣੀ ਹੈ ਜੇ ਗੁਰੂ ਦੀ ਸ਼ਰਨ ਪਿਆ ਜਾਵੇ, ਗੁਰੂ ਦੇ ਚਰਨੀਂ ਲਗਿਆ ਜਾਵੇ, ਗੁਰੂ ਦੇ ਦਰਸਾਏ ਹੋਏ ਅਸੂਲਾਂ ਨੂੰ ਹਿਰਦੇ ਵਿਚ ਵਸਾਇਆ ਜਾਵੇ ਤੇ ਗੁਰੂ ਦੇ ਉਲੀਕੇ ਹੋਏ ਰਸਤੇ ਉਪਰ ਚਲਿਆ ਜਾਵੇ। ਖਾਲਸਾ ਇਨਾਂ ਸਭ ਗਲਾਂ ਵਿਚ ਪੂਰਨ ਉਤਰਿਆ ਹੈ। ਖਾਲਸਾ ਗੁਰੂ ਦੀ ਸ਼ਰਨ ਆਇਆ ਹੈ, ਗੁਰੂ ਦੀ ਚਰਨੀਂ ਲਗਿਆ ਹੈ, ਗੁਰੂ ਦੇ ਦਰਸਾਏ ਗਏ ਅਸੂਲਾਂ ਨੂੰ ਹਿਰਦੇ ਵਿਚ ਵਸਾ ਸਕਿਆ ਹੈ। ਅਤੇ ਉਲੀਕੇ ਹੋਏ ਰਸਤੇ ਉਪਰ ਚੱਲ ਸਕਿਆ ਹੈ। ਇਹ ਕੇਵਲ ਕਹਿਣ ਦੀਆਂ ਹੀ ਗਲਾਂ ਨਹੀਂ, ਖਾਲਸੇ ਨੇ ਕਰ ਵਖਾਇਆ ਹੈ ਤਦੇ ਤਾਂ ਇਤਨੀ ਮਹਾਨ ਸ਼ਕਤੀ ਦਾ ਮਾਲਿਕ ਬਣ ਸਕਿਆ ਹੈ।


www.AKJ.Org

ਜਨ ਸਾਧਾਰਨ ਵੀ ਇਹ ਗਲ ਜਾਣਦੇ ਹਨ ਕਿ ਗੁਰੂ ਨਾਨਕ ਦੇਵ ਜੀ ਨੇ ਤਿੰਨ ਮੁਖ ਅਸੂਲ ਪ੍ਰਚਾਰੇ ਸਨ।

[੧] ਨਾਮ ਜਪੋ।
[੨] ਕਿਰਤ ਕਰੋ।
[੩] ਵੰਡ ਕੇ ਛਕੋ।

ਖਾਲਸਾ ਇਨਾਂ ਤਿੰਨਾਂ ਅਸੂਲਾਂ ਦਾ ਧਾਰਨੀ ਹੈ। ਖਾਲਸਾ ਨਾਮ ਜਪਦਾ ਹੈ, ਆਪਣੀ ਆਤਮਾ ਨੂੰ ਬਲਵਾਨ ਬਣਾਉਣ ਵਾਸਤੇ। ਦਸਾਂ ਨਹੁੰਆਂ ਦੀ ਕਿਰਤ ਕਰਦਾ ਹੈ, ਵਿਹਲੜ-ਪੁਣਾ, ਝੂਠ, ਠੱਗੀ, ਫਰੇਬ, ਆਲਸ ਤੇ ਦਲਿਦਰ ਨੂੰ ਦੂਰ ਕਰਨ ਵਾਸਤੇ। ਵੰਡ ਕੇ ਛਕਦਾ ਹੈ, ਹਮਦਰਦੀ ਤੇ ਸੰਤੋਖ ਨੂੰ ਵਧਾਉਣ ਵਾਸਤੇ। ਇਨਾਂ ਤਿੰਨਾਂ ਅਸੂਲਾਂ ਕਰਕੇ ਖਾਲਸਾ ਮਹਾਨ ਹੈ। ਖਾਲਸਾ ਮਹਾਨ ਹਸਤੀ ਦਾ ਮਾਲਿਕ ਹੈ।

ਲਹਿਣਾ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਅਟੁਟ ਸੇਵਾ ਕੀਤੀ, ਸੇਵਾ ਸਫਲ ਹੋਈ। ਲਹਿਣਾ ਸਫਲ ਹੋਇਆ, ਲਹਿਣੇ ਦੀ ਸੇਵਾ ਪ੍ਰਵਾਨ ਹੋਈ। ਲਹਿਣਾ ਸੇਵਾ ਕਰਦਾ ਅੰਗਿਆ ਗਿਆ। ਸੇਵਕ ਤੋਂ ਗੁਰੂ ਬਣ ਗਿਆ। ਅਮਰਦਾਸ ਜੀ ਨੇ ਸੇਵਾ ਕੀਤੀ ਗੁਰੂ ਅੰਗਦ ਦੇਵ ਜੀ ਦੀ, ਤੇ ਆਪ ਗੁਰਤਾ ਨੂੰ ਪ੍ਰਾਪਤ ਹੋਏ। ਜੇਠਾ ਜੀ ਨੇ ਸੇਵਾ ਕੀਤੀ ਗੁਰੂ ਅਮਰਦਾਸ ਜੀ ਦੀ, ਤੇ ਆਪ ਗੁਰਿਆਈ ਤਕ ਪਹੁੰਚੇ। ਇਸੇ ਤਰਾਂ ਖਾਲਸੇ ਨੇ ਸੇਵਾ ਕੀਤੀ ਗੁਰੂ ਗੋਬਿੰਦ ਸਿੰਘ ਜੀ ਦੀ, ਤੇ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਉਹਨਾਂ ਦਾ ਖ਼ਾਸ ਰੂਪ ਹੋਣ ਦਾ ਮਾਣ ਪ੍ਰਾਪਤ ਕੀਤਾ। ਨਵਾਬ ਕਪੂਰ ਸਿੰਘ ਨੇ ਨਵਾਬੀ ਲਈ ਸੇਵਾ ਦੇ ਅਧਾਰ ਤੇ ਅਤੇ ਉਤਨੀ ਦੇਰ ਨਵਾਬੀ ਕਬੂਲ ਨਹੀਂ ਕੀਤੀ, ਜਿਤਨੀ ਦੇਰ ਤਕ ਇਹ ਨਹੀਂ ਮਨਾ ਲਿਆ ਕਿ ਉਹਨਾਂ ਨੂੰ ਉਹਨਾਂ ਦੀ ਪੁਰਾਣੀ ਸੇਵਾ ਤੋਂ ਕੋਈ ਨਹੀਂ ਹਟਾਵੇਗਾ। ਉਹ ਸੇਵਾ ਕੀ ਸੀ? ਅਸੀਂ ਸਭ ਜਾਣਦੇ ਹੀ ਹਾਂ, ਉਹ ਸੇਵਾ ਸੀ ਘੋੜਿਆਂ ਦੀ ਲਿਦ ਚੁਕਣ ਦੀ। ਅਜ ਵੀ ਖਾਲਸੇ ਨੂੰ ਜੇ ਮੌਕਾ ਮਿਲ ਜਾਵੇ ਕੌਮ ਦੀ ਸੇਵਾ ਦਾ, ਤਾਂ ਉਸ ਵਿਚ ਮਾਣ ਨਹੀਂ ਆ ਜਾਂਦਾ ਕਿ ਮੈਂ ਲੀਡਰ ਹਾਂ ਸਗੋਂ ਉਹ ਬੜੀ ਨਿਮਰਤਾ ਨਾਲ ਕਹਿੰਦਾ ਹੈ।



www.AKJ.Org

"ਮੈਂ ਤਾਂ ਪੰਥ ਦਾ ਦਾਸ ਹਾਂ, ਮੈਂ ਤਾਂ ਇਕ ਨਿਮਾਣਾ ਜਿਹਾ ਸੇਵਕ ਹਾਂ।" ਇਹ ਹੈ ਵਿਸ਼ੇਸ਼ਤਾ ਖਾਲਸੇ ਦੀ। ਇਹ ਹੈ ਇਕ ਨਮੂਨਾ ਸਿਖੀ ਸੇਵਕੀ ਦਾ। ਇਹ ਹੈ ਇਕ ਰੂਪ ਖਾਲਸੇ ਦੀ ਵਿਸ਼ਾਲਤਾ ਤੇ ਮਹਾਨਤਾ ਦਾ।

ਜਿਥੇ ਖਾਲਸਾ ਗੁਰੂ ਨਾਨਕ ਦੇਵ ਜੀ ਤੇ ਗੁਰੂ ਅੰਗਦ ਦੇਵ ਜੀ ਦੇ ਅਸੂਲਾਂ ਦਾ ਕਾਇਲ ਹੈ, ਉਥੇ ਗੁਰੂ ਅਮਰ ਦਾਸ ਜੀ ਦੇ ਅਸੂਲਾਂ ਦਾ ਵੀ ਧਾਰਨੀ ਹੈ। ਗੁਰੂ ਅਮਰ ਦਾਸ ਜੀ ਨੂੰ ਹਰ ਇਕ ਇਨਾਂ ਸ਼ਬਦਾਂ ਨਾਲ ਯਾਦ ਕਰਦਾ ਹੈ:-

ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ, ਨਿਓਟਿਆਂ ਦੀ ਓਟ, ਨਿਆਸਰਿਆਂ ਦੇ ਆਸਰੇ, ਨਿਗਤਿਆਂ ਦੀ ਗਤ।

ਸੋ ਖਾਲਸਾ ਵੀ ਨਿਮਾਣਿਆਂ ਦਾ ਮਾਣ ਹੈ, ਨਿਤਾਣਿਆਂ ਦਾ ਤਾਣ ਹੈ, ਨਿਓਟਿਆਂ ਦੀ ਓਟ ਹੈ, ਨਿਪਤਿਆਂ ਦੀ ਪੱਤ ਹੈ, ਨਿਆਸਰਿਆਂ ਦਾ ਆਸਰਾ ਹੈ, ਤੇ ਨਿਗਤਿਆਂ ਦੀ ਗੱਤ ਹੈ। ਖਾਲਸੇ ਵਿਚ ਇਹ ਸਭ ਗੁਣ ਹਨ। ਖਾਲਸਾ ਮਜ਼ਲੂਮਾਂ ਤੇ ਨਿਮਾਣਿਆਂ ਦੀ ਮਦਦ ਕਰਨਾ ਆਪਣਾ ਪਰਮੋ ਧਰਮਾ ਸਮਝਦਾ ਹੈ। ਖਾਲਸਾ ਉਥੇ ਝੰਡੇ ਜਾ ਗਡਦਾ ਹੈ, ਜਿਥੇ ਦੀਨਨ ਦੀ ਪ੍ਰਿਤਪਾਲਨਾ ਨਹੀਂ, ਜਿਥੇ ਇਨਸਾਨ ਨੂੰ ਇਨਸਾਨੀਅਤ ਤੋਂ ਥੱਲੇ ਸੁਟਿਆ ਜਾ ਰਿਹਾ ਹੈ।

ਗੁਰੂ ਰਾਮਦਾਸ ਜੀ ਨੂੰ ਅਸੀਂ ਸਭ ਇਹਨਾਂ ਸ਼ਬਦਾਂ ਨਾਲ ਯਾਦ ਕਰਦੇ ਹਾਂ ਕਿ ਉਹ ਧੰਨ ਹਨ 'ਧੰਨ ਗੁਰੂ ਰਾਮਦਾਸ, ਧੰਨ ਤੇਰੀ ਕਮਾਈ।' ਸੋ ਖਾਲਸਾ ਵੀ ਧੰਨ ਹੈ, ਖਾਲਸੇ ਦੀ ਕਮਾਈ ਵੀ ਧੰਨ ਹੈ। ਇਹ ਧੰਨਤਾ ਗੁਰੂ ਰਾਮਦਾਸ ਜੀ ਦੀ ਖਾਲਸੇ ਨੂੰ ਦੇਣ ਹੈ। ਖਾਲਸੇ ਨੇ ਉਹ ਕਾਰਨਾਮੇ ਕਰ ਵਿਖਾਏ ਹਨ, ਜਿਨ੍ਹਾਂ ਨੂੰ ਅਸੀਂ ਹਰ ਰੋਜ਼ ਦੋ ਵੇਲੇ ਯਾਦ ਕਰਦੇ ਹਾਂ:-

"ਪੰਜਾਂ ਪਿਆਰਿਆਂ, ਚੌਹਾਂ ਸਾਹਿਬਜ਼ਾਦਿਆਂ, ਚਾਲੀ ਮੁਕਤਿਆਂ, ਹਠੀਆਂ, ਜਪੀਆਂ, ਤਪੀਆਂ, ਜਿਨਾਂ ਨਾਮ ਜਪਿਆ, ਵੰਡ ਛਕਿਆ, ਦੇਗ ਚਲਾਈ, ਤੇਗ ਵਾਹੀਂ, ਦੇਖ ਕੇ ਅਣਡਿਠ ਕੀਤਾ, ਤਿਨਾਂ ਪਿਆਰਿਆਂ, ਸਚਿਆਰਿਆਂ ਦੀ ਕਮਾਈ ਦਾ ਧਿਆਨ ਧਰਕੇ ਖਾਲਸਾ ਜੀ! ਬੋਲੋ ਜੀ, ਵਾਹਿਗੁਰੂ! (ਹੇ ਵਾਹਿਗੁਰੂ! ਇਹ ਲੋਕ ਧੰਨ ਹਨ, ਇਨ੍ਹਾਂ ਦੀ ਕਮਾਈ ਧੰਨ ਹੈ)



www.AKJ.Org

ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿਤੇ, ਬੰਦ ਬੰਦ ਕਟਵਾਏ, ਖੋਪਰੀਆਂ ਲੁਹਾਈਆਂ, ਚਰਖੀਆਂ ਤੇ ਚੜ੍ਹੇ, ਆਰਿਆਂ ਨਾਲ ਚਿਰਾਏ ਗਏ, ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸੁਆਸਾਂ ਨਾਲ ਨਿਬਾਹੀ, ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰਕੇ, ਖ਼ਾਲਸਾ ਜੀ ! ਬੋਲੋ ਜੀ ਵਾਹਿਗੁਰੂ ! (ਹੇ ਵਾਹਿਗੁਰੂ ! ਇਹ ਲੋਕ ਵੀ ਧੰਨ ਹਨ ਤੇ ਇਹਨਾਂ ਦੀ ਕਮਾਈ ਵੀ ਧੰਨ ਹੈ ।

ਗੁਰੂ ਅਰਜਨ ਦੇਵ ਜੀ ਆਮ ਕਰਕੇ ਬਾਣੀ ਦੇ ਬੋਹਿਥ ਤੇ ਸ਼ਾਂਤੀ ਦੇ ਪੁੰਜ, ਸ਼ਬਦਾਂ ਨਾਲ ਯਾਦ ਕੀਤੇ ਜਾਂਦੇ ਹਨ । ਗੁਰੂ ਅਰਜਨ ਦੇਵ ਜੀ ਨੂੰ ਬਾਣੀ ਦੇ ਬੋਹਿਥ, ਇਸ ਕਰਕੇ ਕਿਹਾ ਜਾਂਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਉਹਨਾਂ ਦੀ ਲਗ ਭਗ ਅੱਧੀ ਬਾਣੀ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਦਾ ਸਿਹਰਾ ਵੀ ਉਨ੍ਹਾਂ ਦੇ ਹੀ ਸਿਰ ਹੈ । ਵੱਧ ਤੋਂ ਵੱਧ ਬਾਣੀ ਦਾ ਪਾਠ ਕਰਨ ਦੀ ਤੇ ਵਧ ਤੋਂ ਵਧ ਬਾਣੀ ਕੰਠ ਕਰਨ ਦੀ ਲਗਨ ਖਾਲਸੇ ਨੇ ਉਨ੍ਹਾਂ ਪਾਸੋਂ ਪ੍ਰਾਪਤ ਕੀਤੀ ਹੈ । ਇਹ ਹੀ ਕਾਰਨ ਹੈ ਕਿ ਖਾਲਸਾ ਬੜੇ ਪ੍ਰੇਮ ਨਾਲ ਬਾਣੀ ਦਾ ਪਾਠ ਕਰਦਾ ਹੈ, ਆਪਣਾ ਜੀਵਨ ਬਾਣੀ ਅਨੁਸਾਰ ਢਾਲਦਾ ਤੇ ਕੀਰਤਨ ਕਰਕੇ ਹੋਰਾਂ ਨੂੰ ਬਾਣੀ ਅਨੁਸਾਰ ਜੀਵਣ ਢਾਲਣ ਦੀ ਪ੍ਰੇਰਨਾ ਕਰਦਾ ਹੈ ।

ਸ਼ਾਂਤੀ ਦੇ ਪੁੰਜ, ਸੁਖਮਨੀ ਦੇ ਰਚਣਹਾਰ, ਗੁਰੂ ਅਰਜਨ ਦੇਵ ਜੀ ਤਤੀ ਤਵੀ ਉਪਰ ਬੈਠੇ ਵੀ ਸ਼ਾਂਤ ਰਹਿਣ ਵਾਲੇ, ਭਾਣੇ ਨੂੰ ਮਿਠਾ ਕਰਕੇ ਮੰਨਣ ਵਾਲੇ, ਮੁਖੋਂ ਸੀ ਨ ਕਹਿਣ ਵਾਲੇ, ਨੇ ਖਾਲਸੇ ਨੂੰ ਜਬਰ ਤੇ ਜ਼ੁਲਮ ਦਾ ਟਾਕਰਾ ਸ਼ਾਂਤੀ ਨਾਲ ਕਰਨ ਦਾ ਉਪਦੇਸ਼ ਦਿਤਾ ਹੈ, ਅਤੇ ਖਾਲਸੇ ਨੇ ਵੀ ਇਹੀ ਅਸੂਲ ਆਪਣੇ ਜੀਵਨ ਵਿਚ ਅਪਣਾਏ ਹਨ । ਵਡੀ ਤੋਂ ਵਡੀ ਕੁਰਬਾਨੀ ਸਮੇਂ ਵੀ ਖ਼ਾਲਸਾ ਸ਼ਾਂਤ ਰਿਹਾ ਹੈ, ਖਾਲਸਾ ਨੇ ਪ੍ਰਭੂ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਿਆ ਹੈ ।

ਗੁਰੂ ਹਰਿ ਗੋਬਿੰਦ ਸਾਹਿਬ ਜੀ ਮੀਰੀ ਪੀਰੀ ਦੇ ਮਾਲਿਕ, ਬੰਦੀ ਛੋੜ ਕਰਕੇ ਪ੍ਰਸਿਧ ਹਨ । ਇਨ੍ਹਾਂ ਦੋ ਤਲਵਾਰਾਂ ਪਹਿਨੀਆਂ, ਇਕ ਮੀਰੀ ਦੀ ਤੇ ਦੂਜੀ ਪੀਰੀ ਦੀ, ਇਕ ਭਗਤੀ ਤੇ ਦੂਜੀ ਸ਼ਕਤੀ ਦੀ । ਇਸ ਦਾ



www.AKJ.Org

ਭਾਵ ਇਹ ਹੈ ਕਿ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਭਗਤੀ ਤੇ ਸ਼ਕਤੀ ਦੇ, ਮੀਰੀ ਤੇ ਪੀਰੀ ਦੇ ਦੋਵੇਂ ਹੀ ਰਸਤੇ ਅਪਣਾਏ। ਉਨ੍ਹਾਂ ਇਹ ਸਿੱਧ ਕੀਤਾ ਕਿ ਸ਼ਕਤੀ ਵਾਸਤੇ ਭਗਤੀ ਦੀ ਲੋੜ ਹੈ। ਇਹ ਦੋਵੇਂ ਅਸੂਲ ਵੱਖ ਨਹੀਂ ਕੀਤੇ ਜਾ ਸਕਦੇ।

ਜਦੋਂ ਅਸੀਂ ਇਹ ਕਹਿੰਦੇ ਹਾਂ ਕਿ ਖਾਲਸਾ ਗੁਰੂ ਹਰਿ ਗੋਬਿੰਦ ਸਾਹਿਬ ਦਾ ਸਿਖ ਹੈ ਤਾਂ ਇਸ ਦਾ ਭਾਵ ਇਹ ਹੈ ਕਿ ਖਾਲਸਾ ਵੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਪ੍ਰਚਾਰੇ ਹੋਏ ਮੀਰੀ ਤੇ ਪੀਰੀ ਭਾਵ ਭਗਤੀ ਤੇ ਸ਼ਕਤੀ ਦੇ ਮਾਰਗ ਵਿੱਚ ਪੂਰਨ ਯਕੀਨ ਰਖਦਾ ਹੈ।

ਗੁਰੂ ਹਰਿ ਗੋਬਿੰਦ ਸਾਹਿਬ ਜੀ ਬੰਦੀ ਛੋੜ ਕਰਕੇ ਵੀ ਪ੍ਰਸਿਧ ਹਨ। ਉਨ੍ਹਾਂ ਬਵੰਜਾਂ ਰਾਜਿਆਂ ਨੂੰ ਗਵਾਲੀਅਰ ਦੇ ਕਿਲੇ ਵਿਚੋਂ ਆਜ਼ਾਦ ਕਰਵਾਇਆ। ਖਾਲਸੇ ਨੂੰ ਮੁਗਲ ਸਮਰਾਜ ਤੋਂ ਆਜ਼ਾਦ ਕਰਵਾਇਆ ਸੋ ਖਾਲਸਾ ਵੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਸਿਖ ਅਖਵਾਉਣ ਦੇ ਨਾਤੇ ਬੰਦੀ ਛੋੜ ਹੈ ਭਾਵ ਖਾਲਸਾ ਆਪ ਬਧੰਨਾਂ ਵਿਚ ਨਹੀਂ ਖਾਲਸਾ ਬੰਧਨਾਂ ਤੋਂ ਅਜ਼ਾਦ ਹੈ। ਖਾਲਸਾ ਸੁਤੰਤਰ ਜੀਵਨ ਬਤੀਤ ਕਰਦਾ ਹੈ ਤੇ ਕਿਸੇ ਦੀ ਗੁਲਾਮੀ ਨਹੀਂ ਸਹਾਰ ਸਕਦਾ। ਸਗੋਂ ਜੋ ਗੁਲਾਮੀ ਵਿੱਚ ਹੋਵੇ, ਉਸ ਨੂੰ ਆਜ਼ਾਦ ਕਰਵਾਉਣਾ ਆਪਣਾ ਨਿਜ ਫਰਜ਼ ਸਮਝਦਾ ਹੈ। ਅਤੇ ਉਤਨੀ ਦੇਰ ਚੈਨ ਨਾਲ ਨਹੀਂ ਬੈਠ ਦਾ, ਜਿਤਨੀ ਦੇਰ ਮੁਸੀ-ਬਤਾਂ ਬੰਧਨਾਂ ਤੇ ਗੁਲਾਮੀ ਤੋਂ ਕਿਸੇ ਨੂੰ ਮੁਕਤ ਨਾ ਕਰਵਾ ਲਵੇ। ਸੱਚ ਤਾਂ ਇਹ ਹੈ ਕਿ ਖਾਲਸਾ ਕਿਸੇ ਨਾਲ ਕਿਸੇ ਕਿਸਮ ਦਾ ਧਕਾ ਨਹੀਂ ਸਹਾਰ ਸਕਦਾ। ਖਾਲਸਾ ਨਾ ਆਪ ਬੰਧਨਾਂ ਵਿਚ ਹੈ ਤੇ ਨਾ ਕਿਸੇ ਨੂੰ ਬੰਧਨਾਂ ਵਿਚ ਪਿਆ ਵੇਖ ਸਕਦਾ ਹੈ। ਆਜ਼ਾਦ ਦੇ ਸੁਵਤਤਰ ਜੀਵਨ ਦਾ ਚਾਹਵਾਨ ਹੈ।

ਸ੍ਰੀ ਗੁਰੂ ਹਰਿ ਰਾਏ ਜੀ ਬਾਰੇ ਆਮ ਖਿਆਲ ਇਹ ਹੈ ਕਿ ਉਹ ਤਾਣ ਹੁੰਦੇ ਹੋਏ ਨਿਤਾਣੇ ਸਨ। ਇਸਦਾ ਭਾਵ ਇਹ ਹੈ ਕਿ ਉਹਨਾਂ ਪਾਸ ਸ਼ਕਤੀ ਸੀ ਪਰ ਉਹਨਾਂ ਇਸ ਸ਼ਕਤੀ ਦਾ ਮਾਣ ਨਹੀਂ ਸੀ ਕੀਤਾ। ਉਹ ਹਰ ਸਮੇਂ ੨੨੦੦ ਘੋੜ ਸਵਾਰ ਰਖਦੇ ਸਨ। ਗਲ ਪਈ ਲੜਾਈ ਦੇ



www.AKJ.Org

ਮੁਕਾਬਲੇ ਵਾਸਤੇ ਉਹ ਸਦਾ ਤਿਆਰ ਸਨ, ਪਰ ਉਹਨਾਂ ਆਪਣੀ ਤਾਕਤ ਦੀ ਵਰਤੋਂ ਨਹੀਂ ਕੀਤੀ। ਇਹ ਹੀ ਖਾਲਸੇ ਦੀ ਅਵਸਥਾ ਹੈ। ਖਾਲਸੇ ਪਾਸ ਬੇਅੰਤ ਤਾਕਤ ਹੈ। ਖਾਲਸੇ ਪਾਸ ਉਹ ਮਹਾਨ ਤਾਕਤ ਹੈ ਜੋ ਬਿਆਨ ਤੋਂ ਪਰੇ ਹੈ, ਪਰ ਖਾਲਸੇ ਨੇ ਆਪਣੀ ਤਾਕਤ ਦਾ ਦਾ ਕਦੇ ਵੀ ਮਾਣ ਨਹੀਂ ਕੀਤਾ। ਖਾਲਸਾ ਤਾਣ ਹੁੰਦੇ ਸਦਾ ਨਿਤਾਣਾ ਰਿਹਾ ਹੈ। ਇਹ ਦੇਣ ਖਾਲਸੇ ਨੂੰ ਸ੍ਰੀ ਗੁਰੂ ਹਰਿ ਰਾਏ ਜੀ ਦੀ ਹੈ।

ਸ੍ਰੀ ਹਰਿ ਕ੍ਰਿਸ਼ਨ ਜੀ ਬਾਰੇ ਅਸੀਂ ਹਰ ਰੋਜ਼ ਦੋ ਸਮੇਂ ਅਰਦਾਸ ਵਿੱਚ ਇਹ ਹੀ ਕਹਿੰਦੇ ਹਾਂ—

"ਸ੍ਰੀ ਹਰਿ ਕ੍ਰਿਸ਼ਨ ਧਿਆਈਐ ਜਿਸ ਡਿਠੇ ਸਭ ਦੁਖ ਜਾਇ"

ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦੇ ਦੀਦਾਰ ਕਰਨ ਨਾਲ ਲੋਕਾਂ ਦੇ ਦੁਖ ਦੂਰ ਹੁੰਦੇ ਸਨ, ਅਜ ਉਨਾਂ ਦੇ ਰੂਪ ਖਾਲਸੇ ਨੂੰ ਦੇਖ ਕੇ ਦੁਖ ਦੂਰ ਹੋ ਜਾਂਦੇ ਹਨ। ਖਾਲਸੇ ਦੀ ਲਗਨ, ਖਾਲਸੇ ਦੇ ਗੁਣਾਂ ਨੂੰ ਵੇਖ ਕੇ, ਮਨ ਪ੍ਰਸੰਨ ਹੋ ਜਾਂਦਾ ਹੈ ਤੇ ਹਿਰਦੇ ਗਦ ਗਦ ਕਰ ਉਠਦੇ ਹਨ।

ਗੁਰੂ ਤੇਗ ਬਹਾਦਰ ਜੀ ਬਾਰੇ ਆਮ ਖਿਆਲ ਹੈ ਕਿ ਉਹ ਤਿਲਕ ਜੰਞੂ ਦੇ ਰਾਖੇ ਸਨ, ਉਹ ਹਿੰਦ ਦੀ ਚਾਦਰ ਸਨ। ਅਜ ਚੀਨ ਤੇ ਪਾਕਿਸਤਾਨ ਦੇ ਹਮਲੇ ਸਮੇਂ ਵੀ, ਖਾਲਸੇ ਨੇ ਗੁਰੂ ਤੇਗ ਬਹਾਦਰ ਜੀ ਤੋਂ ਉਹ ਸ਼ਕਤੀ ਪ੍ਰਾਪਤ ਕਰਕੇ ਤਿਲਕ ਜੰਞੂ ਦੀ ਰਾਖੀ ਕਰ ਵਿਖਾਈ ਹੈ। ਖਾਲਸੇ ਨੇ ਹਿੰਦ ਦੀ ਚਾਦਰ ਬਣਕੇ ਵਿਖਾਇਆ ਹੈ, ਹਿੰਦ ਦਾ ਮਾਣ ਰਖ ਵਿਖਾਇਆ ਹੈ।

ਖਾਲਸੇ ਨੇ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਅੰਮ੍ਰਿਤ ਦੀ ਦਾਤ ਲੈ ਕੇ ਅਣਖ ਤੇ ਗ਼ੈਰਤ ਨਾਲ ਜੀਵਨ ਬਤੀਤ ਕਰਨਾ ਸਿਖਿਆ ਹੈ। ਆਪਣੀ ਧੌਣ ਉਚੀ ਕਰਕੇ ਚਲਣਾ ਸਿਖਿਆ ਹੈ। ਖਾਲਸਾ ਆਪਣੀ ਧੌਣ ਕਟਵਾ ਸਕਦਾ ਹੈ, ਬੰਦ ਬੰਦ ਕਟਵਾ ਸਕਦਾ ਹੈ, ਖੋਪਰੀ ਲੁਹਾ ਸਕਦਾ ਹੈ, ਆਰੇ ਨਾਲ ਚਿਰਵਾਇਆ ਜਾ ਸਕਦਾ ਹੈ ਪਰ ਆਪਣੇ ਅਸੂਲ ਨਹੀਂ ਛਡ ਸਕਦਾ। ਆਪਣੀ ਧੌਣ ਕਿਸੇ ਅਗੇ ਨਹੀਂ ਝੁਕਾ ਸਕਦਾ। ਖਾਲਸੇ ਦੀ ਧੌਣ ਜੇ ਝੁਕੇਗੀ ਤਾਂ ਆਪਣੇ ਗੁਰੂ ਅਗੇ



www.AKJ.Org

ਝੁਕੇਗੀ, ਸ੍ਰੀ ਗੁਰੂ ਗਰੰਥ ਸਾਹਿਬ ਅਗੇ ਝੁਕੇਗੀ, ਹੋਰ ਕਿਸੇ ਵੀ ਦੁਨੀਆਂ ਦੀ ਹਸਤੀ ਅਗੇ ਨਹੀਂ ਝੁਕ ਸਕਦੀ, ਖਾਲਸੇ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਅਨੁਸਾਰ ਕੇਵਲ ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਆਪਣਾ ਗੁਰੂ ਮੰਨਣਾ ਹੈ, ਹੋਰ ਕਿਸੇ ਨੂੰ ਨਹੀਂ ਮੰਨਣਾ।

ਇਨਾਂ ਅਸੂਲਾਂ, ਆਦਰਸ਼ਾਂ ਤੇ ਗੁਣਾਂ ਕਰਕੇ ਹੀ ਖਾਲਸਾ ਮਹਾਨ ਹੈ, ਖਾਲਸਾ ਮਹਾਨ ਸ਼ਕਤੀ ਦਾ ਮਾਲਿਕ ਹੈ, ਖਾਲਸਾ ਨੀਲੇ ਘੋੜੇ ਵਾਲਾ ਹੈ, ਖਾਲਸਾ ਨੀਲੇ ਘੋੜੇ ਦਾ ਮਾਲਿਕ ਹੈ।

# ਸ੍ਰੀ ਮਾਨ ਅਕਾਲੀ ਕੌਰ ਸਿੰਘ ਜੀ

ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ ॥
ਹੰਭੀ ਵੰਞਾ ਡੁਮਣੀ ਰੋਵਾ ਝੀਣੀ ਬਾਣਿ ॥

## ਆਹ ਮੇਰਾ ਰੰਗਲਾ ਸਾਜਣ ਅਕਾਲੀ ਕੌਰ ਸਿੰਘ

ਇਸ ਪਿਆਰੇ ਸਾਜਨੜੇ ਦੇ ਪਹਿਲੇ ਰੰਗੀਲੇ ਦਰਸ਼ਨ ਮੈਨੂੰ ੧੯੦੭ ਵਿਚ ਖਾਲਸਾ ਕਾਲਜ (ਅੰਮ੍ਰਿਤਸਰ) ਦੇ ਗੁਰਦੁਆਰੇ ਦੇ ਬਾਹਰਵਾਰ ਲਗੇ ਰਹਿਰਾਸ ਸਾਹਿਬ ਦੇ ਦੀਵਾਨ ਵਿਚ ਹੋਏ, ਜਦੋਂ ਕਿ ਮੈਂ ਉਥੇ ਸੁਪਰੰਟੰਡੰਟ ਲਗਾ ਹੋਇਆ ਸੀ। ਰਹਿਰਾਸ ਸਾਹਿਬ ਦੇ ਪਾਠ ਦੀ ਅਰਦਾਸ ਪਿਛੋਂ ਯਕਾ ਯਕ ਇਕ ਅਨੂਪਮ ਨੌਂਜਵਾਨ ਵਿਅਕਤੀ ਅਕਾਲੀ ਵੇਸ ਵਿਚ ਉਠ ਕੇ ਭਾਸ਼ਨ ਦੇਣ ਲਗ ਪਈ। ਭਾਸ਼ਨ ਦੇ ਅਰੰਭ ਤੋਂ ਹੀ ਇਸ ਵਿਅਕਤੀ ਦੇ ਮੁਖਾਰਬਿੰਦ ਤੋਂ ਜੋ ਕੁਛ ਨਿਕਲਣਾ ਅਰੰਭ ਹੋਇਆ, ਉਹ ਇਕ ਅਜ ਗੈਬੀ ਇਬਾਰਤ ਵਿਚ


www.AKJ.Org

ਸੁਤੇ ਸੁਫਟ ਹੋਈ ਫੁਲਝੜੀ ਦੀ ਨਿਆਈ ਸੀ। ਇਕ ਇਕ ਲਫਜ ਗੁਰਮਤਿ ਦੇ ਪੂਰਨ ਅੰਦਾਜ਼ ਵਿਚ ਗੁੰਦਿਆ ਹੋਇਆ ਕ੍ਰਿਸ਼ਮਾਂ ਸੀ। ਸਰੋਤੇ ਜਨ ਸੁਣਨ ਸਾਰ ਹੀ ਚਕ੍ਰਿਤ ਰਹਿ ਗਏ। ਮੇਰੀ ਭਾਸ਼ਨ ਵਿਚ ਸੁਰਤੀ ਬਿਰਤੀ ਬਿਮੋਹਤ ਹੋ ਗਈ। ਉਸ ਤੋਂ ਪਹਿਲਾਂ ਮੈਨੂੰ ਕਦੇ ਭੀ ਕਿਸੇ ਦਾ ਭਾਸ਼ਨ ਚੰਗਾ ਨਹੀਂ ਸੀ ਲਗਾ, ਜਾਂ ਉਠ ਕੇ ਚਲੇ ਜਾਣਾ, ਜਾਂ ਲੈਕਚਰ ਕਰਨ ਹਾਰੇ ਨੂੰ ਹਟਾ ਦੇਣਾ, ਮੇਰੀ ਜੁਰਅਤ ਨਾ ਪੈ ਸਕੀ ਕਿ ਦੋਹਾਂ ਵਿਚੋਂ ਕੋਈ ਹਰਕਤ ਕਰ ਸਕਾਂ ਜਦੋਂ ਪਰਤ ਕੇ ਉਸ ਦੇ ਚੇਹਰੇ ਵਲ ਦੇਖਿਆ ਤਾਂ ਹੋਰ ਭੀ ਦੰਗ ਰਹਿ ਗਿਆ। ਸਮੁਚੀ ਦੀ ਸਮੁਚੀ ਸੰਗਤ ਹੀ ਉਸ ਵਲ ਦੇਖ ਪੇਖ ਕੇ ਜਜ਼ਬੁਲ ਮਸਤ ਹੋ ਗਈ। ਉਸ ਦਾ ਗੋਰਾ ਸ਼ੋਹ ਚਿਹਰਾ ਨਰਗਸੀ ਮਸਤੀਲੀਆਂ ਅਖੀਆਂ, ਸੁੰਦਰੀਲਾ ਸੁਰਮਈ ਵੇਸ, ਕਾਲੇ ਕੇਸਾਂ ਦੀ ਲੂਈ, ਜੇਹੀ ਸੁੰਦਰ ਮੁਖਾਰਬਿੰਦ ਦੇ ਦੇ ਦੁਆਲੇ ਸਫੁਟ ਹੋਈ ਵੀ ਸਚ ਮੁਚ ਉਸਨੂੰ ਅਰਸ਼ੋਂ ਉਤਰੀ ਹੋਈ ਵਿਅਕਤੀ ਸਾਬਤ ਕਰਦੀ ਸੀ, ਇਕੋ ਅੰਦਾਜ ਵਿਚ ਬਗੈਰ ਕਿਸੇ ਹਰਕਤ ਇਕ ਪੁਤਲੀ ਦੀ ਨਿਆਂਈ ਪੰਦਰ੍ਹਾਂ ਮਿੰਟ ਬਰਾਬਰ ਉਕਤ ਦਿਬਯ ਵਿਅਕਤੀ ਮੁਖੋਂ ਭਾਸ਼ਨ ਨਿਛਾਵਰ ਕਰਦੀ ਰਹੀ। ਅਚਾਨਕ ਹੀ ਭਾਸ਼ਣ ਸਮਾਪਤ ਕਰਕੇ ਅਚਾਨਕ ਹੀ ਗਾਇਬ ਹੋ ਗਈ ਤੇ ਸਭ ਨੂੰ ਚਕ੍ਰਿਤ ਕਰਕੇ ਚਲੀ ਗਈ। ਸਭਨਾਂ ਦੇ ਮੂੰਹਾਂ ਤੋਂ ਉਸ ਵੇਲੇ ਚਿਹ ਮੇ ਗੋਈਆਂ ਹੋਣ ਲਗ ਪਈਆਂ, ਤਰ੍ਹਾਂ ਤਰ੍ਹਾਂ ਦੇ ਰੀਮਾਰਕ ਹੋਣ ਲਗ ਪਏ। ਦਰਸ ਪਰੇਮੀਆਂ ਨੇ ਸਮਝਿਆ, ਕਿ ਏਹ ਕੋਈ ਗੁਰੂ ਕਾ ਲਾਲ ਨਵੀਨ ਪ੍ਰਗਟ ਹੋਇਆ ਹੈ ਜੋ ਸਭ ਨੂੰ ਬਿਸਮਾਦ ਕਰਕੇ ਗ਼ੈਬੋਂ ਹੀ ਆਇਆ ਅਤੇ ਗੁਪਤੋਂ ਗੁਪਤ ਹੀ ਚਲਦਾ ਲਗਾ। ਪਰੰਤੂ ਕਾਲਜ ਦੇ ਮਨਚਲੇ ਪੜ੍ਹਾਕੂ ਸਾਰੇ ਏਹੀ ਆਖਣ ਕਿ ਏਹ ਕੋਈ ਸੀ. ਆਈ. ਡੀ. ਦਾ ਬੰਦਾ ਸੀ। ਲਗੇ ਉਸਦੀ ਤਲਾਸ਼ ਕਰਨ, ਕਈਆਂ ਨੇ ਤਾਂ ਉਸਨੂੰ ਮਾਰਨ ਕੁਟਣ ਦੀ ਹੀ ਠਾਣ ਲਈ, ਮੈਂ ਉਨ੍ਹਾਂ ਨੂੰ ਬਥੇਰਾ ਸਮਝਾਇਆ ਕਿ ਐਸਾ ਮਤ ਕਰੋ। ਗੁਰੂ ਕੇ ਗੁਰਮੁਖ ਲਾਲ ਪ੍ਰਤੀ ਐਸਾ ਚਿਤਣਵਾਹੀ ਮਹਾਂ ਪਾਪ ਹੈ। ਖੈਰ, ਉਕਤ ਉਡਣ ਪੰਖੇਰੂ ਨਾ ਉਹਨਾਂ ਨੂੰ ਲਭਾ ਨਾ ਹੀ ਦਰਸ ਚਾਹਵਾਨ ਰੂਹੜੀਆਂ ਨੂੰ ਉਹ ਵਿਅਕਤੀ ਮੁੜ ਨਮੂਦਾਰ ਹੋਈ।



www.AKJ.Org

ਚਿਤ ਵਿਚ ਲਾਲਸਾ ਭਰੀ ਤਾਂਘ ਏਹ ਲਗੀ ਰਹੀ ਕਿ ਜਦੋਂ ਉਸਨੂੰ ਫੇਰ ਦੇਖੀਏ ਤੇ ਉਸ ਨਾਲ ਗੋਸਟ ਕਰੀਏ। ਏਹ ਭੀ ਇਕ ਅਚੰਭਾ ਸੀ, ਕਿ ਏਹ ਵਿਅਕਤੀ ਕੌਣ ਹੋਈ। ਤਿਸ ਪਰ ਇਕ ਦਾਨੇ ਬੀਨੇ ਸਿਖ ਨੇ ਦਸਿਆ ਕਿ ਏਹ ਅਕਾਲੀ ਕੌਰ ਸਿੰਘ ਹੈ। ਇਸ ਤੋਂ ਧਸ ਉਸ ਪਾਸੋਂ ਹੋਰ ਕੁਛ ਪਤਾ ਨਾ ਲਗਾ। ਹਿਰਦੇ ਨੂੰ ਵੇਚ ਕੇ ਚਲਾ ਗਿਆ। ਪਰ ਕਿਸ ਦੇ ਮਿਲਣ ਦੀ ਇਛਾ ਹਿਰਦੇ ਅੰਦਰ ਵਸ ਰਸ ਗਈ। ਕੁਦਰਤ ਐਸੀ ਹੋਈ ਕਿ ਦੂਜੇ ਦਿਨ ਹੀ ਮੈਨੂੰ ਪਟਿਆਲੇ ਜਾਨ ਦਾ ਅਵਸਰ ਬਣਿਆ। ਪਟਿਆਲੇ ਜਾ ਕੇ ਅਸੀਂ ਗੁਰਮੁਖ ਪਿਆਰੇ ਗੁਰਪੁਰਨਿਵਾਸੀ ਭਾਈ ਜੋਗਿੰਦਰ ਸਿੰਘ ਜੀ ਦੇ ਡੇਰੇ ਜਾ ਉਤਾਰੇ ਕੀਤੇ। ਅਗੇ ਉਹ ਅਜੇ ਬਾਹਰੋਂ ਆ ਹੀ ਰਹੇ ਸਨ, ਆਉਂਦੇ ਹੀ ਉਨ੍ਹਾਂ ਜਿਕਰ ਕੀਤਾ ਕਿ ਅਜ ਇਕ ਨਵਲ ਨਿਹੰਗ ਅਕਾਲੀ ਦੇ ਦਰਸ਼ਨ ਹੋਏ ਹਨ। ਮੈਂ ਹੁਣੇ ਹੀ ਨਿਹਾਲ ਨਿਹਾਲ ਹੋ ਕੇ ਆਇਆ ਹਾਂ ਇਕ ਗੁਰਮੁਖ ਪਿਆਰੇ ਦੇ ਗ੍ਰਿਹ ਵਿਖੇ ਉਨ੍ਹਾਂ ਦਾ ਉਤਾਰਾ ਹੈ। ਭਾਈ ਜੋਗਿੰਦਰ ਸਿੰਘ ਜੀ ਮੈਨੂੰ ਉਦੋਂ ਹੀ ਉਸ ਗ੍ਰਿਹ ਵਿਖੇ ਲੈ ਵੰਜੇ। ਏਹ ਦੂਜੀ ਗੁਰਮੁਖ ਝਾਕੀ ਸੀ। ਝਾਤ ਦੁਆਰਾ ਹੀ ਸੈਨਤ ਨਾਲ ਬਾਤ ਚੀਤ ਹੋਈ। ਮੁਖੋਂ ਕਿਸੇ ਨੇ ਕੁਝ ਨਹੀਂ ਅਲਾਇਆ। ਏਹ ਖਿਆਲ ਕਰਕੇ ਕਿ ਦੂਜੇ ਦਿਨ ਮੁੜ ਦਰਸ਼ਨ ਮੇਲੇ ਹੋਣਗੇ, ਅਸੀਂ ਉਥੋਂ ਚਲੇ ਆਏ। ਦੂਜੇ ਦਿਨ ਪਤਾ ਲਗਾ ਕਿ ਉਹ ਹਜ਼ੂਰ ਸਾਹਿਬ ਨੂੰ ਚਲੇ ਗਏ ਹਨ। ਸ਼ਾਇਦ ਏਹ ਹਜ਼ੂਰ ਸਾਹਿਬ ਚਲੇ ਜਾਨ ਦੀ ਦੂਜੀ ਫੇਰੀ ਸੀ, ਠਾਠ ਬਾਠ ਉਨ੍ਹਾਂ ਦਾ ਉਦੋਂ ਬੜਾ ਅਮੀਰਾਨਾ ਸੀ। ਚਾਹੇ ਸੁਰਮਈ ਰੰਗਦਾ ਬਾਣਾ ਸੀ। ਸਭ ਵਧੀਆ ਰੇਸ਼ਮੀ ਬਣਤਰ ਦਾ, ਸਾਨੂੰ ਉਦੋਂ ਐਸਾ ਪ੍ਰਤੀਤ ਹੋਇਆ ਕਿ ਗ੍ਰਿਸਤ ਵਿਚ ਨਿਰਬਾਣ ਯੋਗੀ ਗੁਰੂ ਘਰ ਵਿਚ ਪ੍ਰਗਟ ਹੋਇਆ ਹੈ। ਜਿਸ ਨੂੰ ਲੇਪ ਛੇਪ ਕੋਈ ਨਹੀਂ। ਤੀਜੀ ਝਾਕੀ ਕਈਆਂ ਸਾਲਾਂ ਪਿਛੋਂ ਸ੍ਰੀ ਅੰਮ੍ਰਿਤਸਰ ਦਰਬਾਰ ਦੀ ਪ੍ਰਕਰਮਾਂ ਵਿਚ ਇਸ ਵਿਅਕਤੀ ਦੀ ਹੋਈ ਪਰ ਚੇਹਰਾ ਬੜਾ ਉਤਾਰੂ ਸੀ, ਰੰਗ ਰੂਪ ਭੀ ਅਗੇ ਵਰਗਾ ਨਹੀਂ ਸੀ, ਚੇਹਰੇ ਉਤੇ ਉਦਾਸੀਨਤਾ ਛਾਈ ਹੋਈ ਸੀ। ਵਾਕਫਕਾਰਾਂ ਪਾਸੋਂ ਪੁਛਣ ਤੇ ਪਤਾ ਲਗਾ ਕਿ ਇਨ੍ਹਾਂ ਉਪਰ ਕਿਸੇ ਦੋਖੀ ਨੇ ਅਣਹੋਈ ਊਜ ਲਾਈ ਹੈ। ਇਸ ਕਰਕੇ ਏਹ ਗ਼ਮਗ਼ੀਨ ਹਨ।


www.AKJ.Org

ਬਸ, ਇਤਨਾ ਕਹਿਕੇ ਮੈਂ ਇਨ੍ਹਾਂ ਪਾਸੋਂ ਚਲਦਾ ਹੋਇਆ ਕਿ:-

"ਸੋ ਡਰੇ ਜਿ ਪਾਪ ਕਮਾਂਵਦਾ ਧਰਮੀ ਵਿਗਸੇਤ ॥"

ਤਦ ਪਸਚਾਤ ਬਹੁਤ ਚਿਰੋਕਣੇ ਦਰਸ਼ਨ ਹੋਏ।

## ਚੌਥੀ ਵਾਰ ਦਾ ਮਿਲਾਪ

ਮਈ ੧੯੩੦ ਦਾ ਜ਼ਿਕਰ ਹੈ ਕਿ ਮੈਂ ਨਾਗਪੁਰ ਜੇਲ੍ਹ ਤੋਂ ਰਿਹਾ ਹੋਣ ਲਈ ਲਹੌਰ ਜੇਲ੍ਹ ਨੂੰ ਆ ਰਿਹਾ ਸੀ ਕਿ ਅਟਾਰਸੀ ਸਟੇਸ਼ਨ ਪਰ ਜਦੋਂ ਮੈਂ ਹਦਵਾਣੇ ਖਰੀਦਣ ਲਈ ਪਲੇਟ ਫਾਰਮ ਪਰ ਗੱਡੀ ਵਿਚੋਂ ਉਤਰਿਆ ਮੈਨੂੰ ਓਦੋਂ ਹੀ ਪਤਾ ਲੱਗਾ ਕਿ ਮੈਨੂੰ ਘੁਟਕੇ ਜੱਫੀ ਪਾਈ ਹੋਈ ਹੈ, ਬੜੀ ਹੀ ਪਿਆਰ ਮਲ੍ਹਾਰ ਭਰੀ ਜੱਫੀ ਹੈ, ਜਦੋਂ ਮੈਂ ਜਫੀ ਪਾਉਣ ਹਾਰੇ ਗੁਰਮੁਖ ਜਨ ਨੂੰ ਪੇਖਿਆ ਤਾਂ ਇਕ ਚਿੱਟੇ ਦਾੜ੍ਹੇ ਵਾਲਾ ਗੁਰਮੁਖ ਅਕਾਲੀ ਬਾਣੇ ਵਿਚ ਮੈਨੂੰ ਐਸੀ ਜਿਕੜ ਨਾਲ ਚਿਮੜਿਆ ਹੋਇਆ ਹੈ ਕਿ ਛਡੇ ਨ। ਮੈਂ ਆਖਿਆ "ਬੋਲੋ ਤਾਂ ਸਹੀ" ਜਦ ਬੋਲੇ ਤਾਂ ਝਟ ਪਛਾਣ ਆ ਗਈ ਕਿ ਏਹ ਓਹੀ ਅਕਾਲੀ ਕੌਰ ਸਿੰਘ ਹਨ। ਜਿਨ੍ਹਾਂ ਨੇ ਸਾਲਾਂ ਬੱਧੀ ਮਿਲਣ ਦੀ ਤੜਪ ਪਾਈ ਰਖੀ ਹੈ। ਬਸ, ਫੇਰ ਕੀ ਸੀ, ਫੇਰ ਤਾਂ ਘਿਉ ਖਿਚੜੀ ਹੋ ਗਏ। ਬਹੁਤ ਬਚਨ ਬਿਲਾਸ ਹੋਏ। ਦਿੱਲੀ ਤਕ ਇਕਠੇ ਹੀ ਸਫਰ ਕਰਦੇ ਆਏ, ਏਹ ਸਾਰੀ ਗਲ ਬਾਤ ਦਾਸ ਨੇ ਜੇਲ੍ਹ ਚਿੱਠੀਆਂ ਵਿਚ ਲਿਖੀ ਹੈ। (ਵੇਖੋ ਜੇਲ੍ਹ ਚਿਠੀਆਂ)

## ਚਕਾਰ 'ਕਸ਼ਮੀਰ' ਜਾਣਾ

ਅਸੀਂ ਰਿਹਾ ਹੋਕੇ ਘਰ ਆ ਗਏ। ਕੁਝ ਸਾਲਾਂ ਬਾਦ ਸਾਨੂੰ ਚਕਾਰ ਤੋਂ ਇਕ ਸਦ ਆਈ ਕਿ 'ਆਓ ਕਸ਼ਮੀਰ ਫੇਰੀ ਪਾਓ' ਸੱਦਾ ਪੱਤਰ ਪਰ ਇੰਨ ਬਿੰਨ ਏਹ ਤੁਕ ਗੁਰਵਾਕ ਦੀ ਅੰਕਤ ਸੀ-

"ਆਦਿ ਬਸਹੁ ਘਰਿ ਦੇਸ ਮਹਿ ਇਹ ਭਲੇ ਸੰਜੋਗ"

ਗਲ ਕੀ ਸਾਡੀ ਫੇਰੀ ਕਸ਼ਮੀਰ ਵਿਚ ਇਸ ਪਿਆਰੇ ਅਕਾਲੀ



www.AKJ.Org

ਕੌਰ ਸਿੰਘ ਦੇ ਤੁਫੈਲ ਪਈ। ਜਿਸ ਭਾਵ ਨਾਲ ਅਕਾਲੀ ਜੀ ਨੇ ਸਾਨੂੰ ਬੁਲਾਇਆ, ਜਿਸ ਪਿਆਰ ਨਾਲ ਮਹੀਨਾ ਤਕ ਆਪਣੇ ਆਸ਼੍ਰਮ ਚਕਾਰ ਵਿਚ ਸਾਨੂੰ (ਜਥੇ) ਨੂੰ ਏਹਨਾਂ ਨੇ ਰਖਿਆ ਉਹ ਅਕਥਨੀਯ ਹੈ। ਉਸ ਚਕਾਰ ਆਸ਼੍ਰਮ ਦੀ ਸਿਖਰਲੀ ਗੈਲਰੀ ਵਿਚਿ ਬਿਠਾਕੇ ਇਸ ਦਾਸ ਪਾਸੋਂ ਸਤਿਗੁਰੂ ਨੇ 'ਅਨਹਦ ਸਬਦ ਦਸਮ ਦੁਆਰ' ਪੁਸਤਕ ਲਿਖਣ ਦੀ ਸੇਵਾ ਲਈ। ਤੇ ਆਪਣੀ ਰਚਿਤ ਗੁਰਬਾਂਣੀ ਦਾ ਤਤਕਰਾ ਭੀ ਅਕਾਲੀ ਜੀ ਨੇ ਏਥੇ ਹੀ ਸਾਨੂੰ ਅਤਾ ਕੀਤਾ !

## ਚਕਾਰ ਦੇ ਆਤਮ ਰੰਗ ਉਪਜਾਊ ਨਜ਼ਾਰੇ

ਚਕਾਰ ਆਸ਼੍ਰਮ ਦੀ ਚੋਟੀ ਉਤੇ ਰਾਤ ਦਿਨ ਉਹ ਆਤਮ ਆਨੰਦ ਮਾਣਿਆ, ਜੋ ਵਰਨਿਆ ਨਹੀਂ ਜਾ ਸਕਦਾ ਚਾਰ ਚੁਫੇਰੇ ਅਧਿਭੁਤ ਨਜ਼ਾਰੇ। ਇਰਦ ਗਿਰਦ ਦੀਆਂ ਪਹਾੜੀਆਂ ਦੇ ਦਿਲ ਖਿਚਵੇਂ ਦ੍ਰਿਸ਼, ਠੰਡੀਆਂ ਮਿਠੀਆਂ ਪਾਉਣਾਂ ਦੇ ਵੇਗ ਅਭਿਆਸ ਲਿਵਤਾਰਨੀ ਸੁਰਤੀ ਨੂੰ ਉਡਾਈ ਲਈ ਜਾਂਦੀਆਂ ਸਨ। 'ਅਨਹਦ ਸਬਦ ਦਸਮ ਦੁਆਰ' ਨਾਮੇ ਪੁਸਤਕ ਲਿਖਣ ਦਾ ਏਹ ਬੜਾ ਹੀ ਭਲਾ ਸਮਾਂ ਸੁਆਉ ਜੁੜਿਆ ਹੋਣ ਕਰਕੇ ਨਿਰੋਲ ਨਾਮ ਅਭਿਆਸ ਵਿਚ ਜੁਟੇ ਰਹਿਣਾ। ਆਬਸ਼ਾਸ਼ਾਂ [ਪਾਣੀ ਦੇ ਝਰਨਿਆਂ] ਦੀ ਇਕ ਤਾਰ ਘਨਘੋਰਾਂ ਗਮਕ ਸੁਰਤੀ ਜੋੜਨ ਵਿਚ ਬੜੀਆਂ ਹੀ ਸਹਾਈ ਹੁੰਦੀਆਂ ਸਨ। ਇਹਨਾਂ ਸ਼ੁਭ ਪ੍ਰਮਾਰਥੀ ਗੂੰਜਾਊਂਦੀਆਂ ਬਰਕਤਾਂ ਨੂੰ ਮਾਣਿ ਮਾਣਿ ਸ੍ਰੀ ਅਕਾਲੀ ਕੌਰ ਸਿੰਘ ਜੀ ਨੂੰ ਉਦੋਂ ਭੀ ਆਮੁਹਾਰੀਆਂ ਅਸੀਸਾਂ ਅੰਦਰੋਂ ਨਿਕਲਦੀਆਂ ਸਨ। ਅਤੇ ਹੁਣ ਭੀ ਉਹ ਅਨੰਦ ਸਮੇਂ ਯਾਦ ਕਰ ਕਰ ਉਨ੍ਹਾਂ ਨੂੰ ਅਸੀਸਾਂ ਦੇਈਦੀਆਂ ਹਨ। ਪ੍ਰੇਮ ਉਦਾਰਤਾ ਪ੍ਰਾਇਣ ਹੋਇ ਸ੍ਰੀ ਅਕਾਲੀ ਕੌਰ ਸਿੰਘ ਜੀ ਨੇ ਸਾਨੂੰ ਕਲਿਆਣ ਸਰ ਦੀ ਦਰਸ਼ਨ ਯਾਤਰਾ ਕਰਾਈ। ਜੋ ਚਕਾਰ ਤੋਂ ਸਤ ਅਠ ਮੀਲ ਦੇ ਫਾਸਲੇ ਪਰ ਸੀ। ਲਗ ਭਗ ਪਧਰ ਤੇ ਹੀ ਇਹ ਮਕਾਨ ਅਸਥਾਨ ਬਣਿਆ ਸੀ, ਪਰ ਜਗਾ ਬੜੀ ਰਮਣੀਕ ਸੀ।



www.AKJ.Org

ਉਥੋਂ ਮੁੜਨ ਨੂੰ ਜੀ ਨਾ ਕਰੇ। ਅਸਾਡੀ ਰੁਚੀ ਦੇਖ ਕੇ ਸ੍ਰੀ ਅਕਾਲੀ ਜੀ ਨੇ ਉਥੇ ਅਸਾਡੇ ਵਿਸਰਾਮ ਲਈ ਤੰਬੂ ਕਨਾਤਾਂ ਮੰਗਾਉਣੀਆਂ ਤੇ ਲਾਉਣੀਆਂ ਮਿਥ ਲਈਆਂ, ਬੜੇ ਹੀ ਖਹਿੜੇ ਪਏ, ਪਰ ਸਾਥੋਂ ਇਤਨੀਆਂ ਖੇਚਲਾਂ ਕਦੋਂ ਝਲੀਆਂ ਜਾਂਦੀਆਂ ਸਨ।

ਅਕਾਲੀ ਜੀ ਨੇ ਅਗੇ ਹੀ ਸਾਡੀ ਖਾਤਰ ਬਥੇਰੀਆਂ ਘਾਲਾਂ ਘਾਲੀਆਂ ਸਨ। ਅਧਿਕ ਝਾਲਾਂ ਹੁਣ ਕੌਣ ਝੱਲੇ, ਮਸਾਂ ਮਸਾਂ ਉਨ੍ਹਾਂ ਨੂੰ ਮਿੰਨਤ ਕਰਕੇ ਏਹ ਕਹਿਕੇ ਮੁੜਨ ਲਈ ਮਨਾਇਆ ਕਿ ਅਉਖੇ ਸੌਖੇ ਇਕ ਰਾਤ ਏਥੇ ਕਟਕੇ ਸਵੇਰੇ ਹੀ ਚਕਾਰ ਨੂੰ ਮੁੜ ਪਵਾਂ ਗੇ। ਕਲਿਆਣ ਸਰ ਦਾ ਸੋਮਾ ਇਕ ਵਡਾ ਜਮੀਨ ਵਿਚੋਂ ਸਫੁਟ ਹੁੰਦਾ ਸੀ। ਉਸਦੀ ਜਲ ਧਾਰਾ ਹਰ ਮੌਸਮ ਵਿਚ ਮੋਟੇ ਪਟ ਜੇਡੀ ਮੋਟੀ ਵਹਿੰਦੀ ਰਹਿੰਦੀ ਸੀ। ਪਾਸ ਹੀ ਇਕ ਕਚੀਆਂ ਦੀਵਾਰਾਂ ਦਾ ਛੋਟਾ ਜੇਹਾ ਗੁਰਦੁਆਰਾ ਸੀ। ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਕਾਸ਼ ਰਹਿੰਦੇ ਸਨ। ਪਰ ਸਾਰੀ ਧਰਤੀ ਸੈਲਾਬੀ ਸੀ, ਸਿਲ ਸਿਲ ਕਰਦੀ ਰਹਿੰਦੀ ਸੀ, ਉਥੇ ਦਿਨੇ ਭੀ ਕੋਈ ਭੂਮ ਆਸਣ ਨਹੀਂ ਸੌਂ ਸਕਦਾ ਸੀ। ਰਾਤ ਨੂੰ ਤਾਂ ਕਿਸੇ ਨੇ ਕੀ ਰਹਿ ਸਕਣਾ ਸੀ। ਦਿਨ ਛਪਣ ਸਾਰ ਹੀ ਰੈਂਣ ਬਸੇਰੇ ਦਾ ਗੁਜਾਰਾ ਕਰਨ ਲਈ ਕਿਸੇ ਕੋਠੇ ਦਾ ਆਸਰਾ ਢੂੰਡਣਾ ਪਿਆ, ਲਾਗੇ ਹੀ ਫਰਲਾਂਗ ਉਤੇ ਇਕ ਕੋਠਾ ਪਸੰਦ ਆਇਆ ਚਾਹੇ ਡਿਗਾ ਢੱਠਾ ਹੀ ਸੀ। ਉਸੇ ਨੂੰ ਰਾਤ ਕਟਣ ਲਈ ਸੰਬਰ ਸੁਬੰਰ ਕੇ ਸਵਾਰ ਲਿਆ। ਲਾਗਿਓਂ ਹੀ ਇਕ ਪਹਾੜੀਏ ਘਰਬਾਰੀਏ ਦੇ ਮਨ ਵਿਚ ਮੇਹਰ ਪਈ, ਤਿੰਨ ਚਾਰ ਮੰਜੇ ਸਾਡੇ ਲਈ ਲੈ ਆਇਆ। ਬਿਸਤਰੇ ਸਾਡੇ ਪਾਸ ਨਿਰਬਾਹ ਜੋਗੇ ਚੰਗੇ ਸਨ। ਦੋ ਦੋ ਜੁੜ ਕੇ ਪੈ ਰਹੇ। ਰਹਿੰਦੇ ਖੂੰਹਦੇ ਭੁੰਜੇ ਬਿਛਾਈ ਕਰਨ ਲਗੇ, ਪਰ ਭੁਖ ਸਾਨੂੰ ਸਾਰਿਆਂ ਨੂੰ ਲਗੀ ਹੋਈ ਸੀ। ਓਹੜ ਪੋਹੜ ਤੇ ਉਦਮ ਕਰਕੇ ਰੁਖੇ ਸੁਖੇ ਗਫੇ ਸਜਾਏ ਤੇ ਛਕੇ। ਤੇ ਉਹ ਆਨੰਦ ਮਾਣਿਆਂ ਜੋ ਕਦੇ ਨਾਨਾ ਪ੍ਰਕਾਰ ਦੇ ਭੋਜਨ ਬਿੰਜਨ ਛਕਕੇ ਭੀ ਨਹੀਂ ਮਾਣਿਆਂ ਹੋਣਾ।

"ਰੂਖੇ ਭੋਜਨ ਭੂਮਿ ਸੈਨ ਸਖੀ ਪ੍ਰਿਅ ਸੰਗਿ ਸੂਖਿ ਬਿਹਾਤ"



www.AKJ.Org

ਵਾਲੀ ਵਰਤੋਂ ਪਰਤਖ ਵਰਤੀ। ਅੰਮ੍ਰਿਤ ਵੇਲੇ ਉਠਕੇ ਵਡੇ ਤੜਕੇ ਕਲਿਆਣ ਸਰ ਦੀ ਜਲਧਾਰਾ ਹੇਠ ਇਸ਼ਨਾਨ ਕੀਤਾ। ਜਲ ਇਤਨਾ ਠੰਡਾ ਸੀ ਕਿ ਮਸਾਂ ਅੱਧਾ ਮਿੰਟ ਹੀ ਜਲਧਾਰਾ ਹੇਠ ਬਹਿ ਸਕੀਦਾ ਸੀ। ਅਤੇ ਮੋਟੀ ਜਲਧਾਰਾ ਸੀ। ਜੋ ਸਹਾਰੀ ਨਹੀਂ ਜਾ ਸਕਦੀ ਸੀ। ਪਾਣੀ ਦੀ ਛੋਟੀ ਜੇਹੀ ਟੋਭੀ ਸੀ, ਜਿਸ ਵਿਚੋਂ ਜਲ ਸਫੁਟ ਹੁੰਦਾ ਸੀ। ਪਰ ਉਸ ਟੋਭੀ ਦੀ ਗਹਿਰਾਈ ਦੀ ਥਾਹ ਕੁਛ ਨਹੀਂ ਸੀ। ਜਿਸ ਕਰਕੇ ਉਸ ਵਿਚ ਵੜਨ ਦਾ ਉਦਮ ਕੋਈ ਨਹੀਂ ਕਰ ਸਕਦਾ ਸੀ। ਸ੍ਰੀ ਅਕਾਲੀ ਕੌਰ ਸਿੰਘ ਜੀ ਦਸਦੇ ਸਨ ਕਿ ਇਥੇ ਕਿਸੇ ਸਮੇਂ ਗੁਰੂ ਸਾਹਿਬ ਦੇ ਚਰਨ ਪਏ ਸਨ। ਇਸ ਸਬੰਧੀ ਉਨ੍ਹਾਂ ਬੜੀ ਲੰਬੀ ਚੌੜੀ ਇਤਿਹਾਸਕ ਵਾਰਤਾ ਸੁਣਾਈ ਸੀ। ਜੋ ਇਥੇ ਇਤਿਹਾਸ ਵਿਚ ਲਿਖਤ ਕਾਰਨ ਨਹੀਂ ਰੋਈ। ਪੁਰਾਣੇ ਬਜ਼ੁਰਗਾਂ ਦੇ ਸੀਨੇ ਬਸੀਨੇ ਚਲੀ ਆਉਣ ਕਰਕੇ ਇਹ ਇਤਿਹਾਸਕ ਕਥਾ ਇਤਿਹਾਸ ਨਾਲੋਂ ਵੀ ਵਧ ਮੰਨਣ ਜੋਗ ਸੀ। ਇਸ਼ਨਾਨ ਕਰਕੇ ਬਾਣੀ ਦਾ ਪਾਠ ਕਰਦੇ ਹੀ ਅਸੀਂ ਵਾਪਸ ਚਕਾਰ ਨੂੰ ਤੁਰ ਪਏ। ਰਸਤਾ ਬੜਾ ਬਿਖੜਾ ਸੀ, ਪਰ ਚੌਹੀਂ ਪਾਸੀਂ ਨਜ਼ਾਰਾ ਬੜਾ ਹੀ ਦਿਲ ਖਿਚਵਾਂ ਸੀ।

ਠਉਰ ਠਉਰ ਤੇ ਬੈਠਕੇ ਭਜਨ ਨੂੰ ਜੀ ਕਰਦਾ ਸੀ। ਮਸਾਂ ਤੀਜੇ ਪਹਿਰ ਤਕ ਮੁੜ ਚਕਾਰ ਪਹੁੰਚੇ। ਸ੍ਰੀ ਅਕਾਲੀ ਕੌਰ ਸਿੰਘ ਜੀ ਨੇ ਸਾਡੀ ਸਹੂਲੀਅਤ ਲਈ ਖਚਰਾਂ ਦੀ ਸਵਾਰੀ ਦਾ ਪ੍ਰਬੰਧ ਕਰ ਛਡਿਆ ਸੀ। ਜਿਸ ਕਰਕੇ ਰਸਤੇ ਵਿਚ ਬਹੁਤਾ ਔਖ ਪ੍ਰਤੀਤ ਨਹੀਂ ਹੋਇਆ। ਨਾ ਹੀ ਅਟਕਾਰ ਨਜ਼ਾਰਿਆਂ ਦੀ ਭਰਮਾਰ ਨੇ ਪਾਈ, ਥਾਂਉ ਥਾਂਉ ਬੈਠਕੇ ਭਜਨ ਆਨੰਦ ਮਾਨਣ ਲਈ ਖਚਰਾਂ ਤੋਂ ਉਤਰਨਾ ਪੈਂਦਾ ਸੀ। ਅਤੇ ਮਖਮਲੀ ਘਾਹ ਉਤੇ ਲੇਟਕੇ ਵਾਉਭਖਣ ਦੇ ਉਮਾਹੇ ਉਠਦੇ ਸਨ।

"ਨਾਨਕ ਬੈਠਾ ਭਖੇ ਵਾਉ ਲੰਮੇ ਸੇਵੇ ਦਰਿ ਖੜਾ ॥"

ਵਾਲੀ ਵਿਉਂਤ ਬਣ ਰਹੀ ਸੀ। ਉਥੇ ਤਾਂ ਖਲੋਕੇ, ਬੈਠਕੇ, ਲੰਮੇ ਪੈਕੇ, ਨਾਮ ਦਾ ਖੰਡਾ ਖੜਕਾਈ ਜਾਣ ਨੂੰ ਉਠਾਓ ਉਠ ਰਿਹਾ ਸੀ; ਓੜਕ ਅਤਿ ਸਹਾਵਣੀ ਜਾਈ ਬੈਠਕੇ ਮੈਥੋਂ ਫੇਰ ਉਠਿਆ ਨਾ ਗਿਆ।



www.AKJ.Org

ਮਗਨ ਮਸਤ ਬੈਠ ਨੂੰ ਸਭ ਸਾਥੀ ਛੱਡ ਗਏ ਇਕ ਪਿਆਰਾ ਡਾਕਟਰ ਬਸੰਤ ਸਿੰਘ (ਜੋ ਗੁਰਪੁਰੀ ਸਿਧਾਰ ਚੁਕਾ ਹੈ) ਸਾਡੇ ਪਾਸ ਹੀ ਡਟ ਗਿਆ। ਚਕਾਰ ਜਾਣ ਵਾਲੇ ਸਾਥੀਆਂ ਨੇ ਉਥੇ ਪੁਜਕੇ ਸਰਬਲੋਹ ਦੇ ਪਰਸ਼ਾਦੇ ਸਜਾਏ। ਛਕ ਛਕਾਕੇ ਸਾਨੂੰ ਭੀ ਗਫੇ ਭੇਜ ਦਿਤੇ! ਉਥੇ ਹੀ ਜਿਥੇ ਸਾਨੂੰ ਛਡ ਗਏ ਸੀ। ਇਕ ਪਰਉਪਕਾਰੀ ਸਜਣਭਾਈ ਨਰਾਇਣ ਸਿੰਘ ਆਪੇ ਹੀ ਏਧਰ ਆ ਪਹੁੰਚਿਆ। ਅਤੇ ਸਾਨੂੰ ਆ ਟੂੰਬ ਉਠਾਇਆ। ਜਦੋਂ ਇਸ ਪ੍ਰੇਮ ਛਾਂਦਿਆਂ ਦੀ ਵਾਰਤਾ ਅਸੀਂ ਅਕਾਲੀ ਜੀ ਨੂੰ ਸੁਣਾਈ ਤਾਂ ਉਹ ਬੜੇ ਹੀ ਪ੍ਰਸੰਨ ਹੋਏ। ਰੈਣ ਸਬਾਈ ਦਾ ਸਾਰਾ ਸਮਾਚਾਰ ਸੁਣਕੇ ਤਾਂ ਗਦਗਦ ਹੋ ਗਏ। ਸਾਡਾ ਰੋਮ ਰੋਮ ਸ੍ਰੀ ਅਕਾਲੀ ਜੀ ਨੂੰ ਅਸੀਸਾਂ ਦੇਵੇ। ਜਿਨ੍ਹਾਂ ਦੀ ਕ੍ਰਿਪਾ ਨਾਲ ਇਹ ਅਨੰਦ ਅਸੀਂ ਮਾਣਿਆ। ਉਘੇ ਹੋਕੇ ਤਾਂ ਅਸੀਂ ਧੰਨਵਾਦ ਦਾ ਅਵਾਜ਼ਾ ਨ ਕਢਿ ਸਕੇ ਕਿਉਂਕਿ ਇਸ ਨੂੰ ਸੁਣਕੇ ਅਕਾਲੀ ਜੀ ਨਾਰਾਜ਼ ਹੁੰਦੇ ਸਨ। ਆਪਣੀ ਤਾਰੀਫ਼ ਅਪਣੇ ਕੰਨੀ ਸੁਣਨੀ ਉਨ੍ਹਾਂ ਲਈ ਅਤੀ ਹੀ ਦੁਖਦਾਈ ਸੀ।

## ਕਸ਼ਮੀਰ ਦੇ ਹੋਰ ਗੁਰਦੁਆਰਿਆਂ ਦੀ ਯਾਤ੍ਰਾ

ਸ੍ਰੀ ਅਕਾਲੀ ਕੌਰ ਸਿੰਘ ਜੀ ਨੇ ਅਸਾਡੀ ਯਾਤਰਾ ਗਮਨੀ ਰੁਚੀ ਨੂੰ ਬੁਝ ਕੇ ਫੇਰ ਸਾਨੂੰ ਉਭਾਰਿਆ ਕਿ ਚਲੋ ਤੁਹਾਨੂੰ ਕਸ਼ਮੀਰ ਦੇ ਹੋਰ ਗੁਰਦੁਆਰਿਆਂ ਦੀ ਯਾਤਰਾ ਕਰਵਾਈਏ। ਖਾਸ ਕਰ ਜਿਥੇ ਜਿਥੇ ਗੁਰੂ ਸਾਹਿਬ ਦੇ ਚਰਨ ਪਏ ਸਨ ਉਥੇ ਉਥੇ ਲੈਕੇ ਤਾਂ ਸਾਨੂੰ ਜ਼ਰੂਰ ਗਏ। ਇਹਨਾਂ ਗੁਰਦੁਆਰਿਆਂ ਦੀ ਯਾਤਰਾ ਸਬੰਧੀ ਬਿਰਤਾਂਤ ਵਰਨਣ ਕਰਨ ਹਿਤ ਤਾਂ ਇਕ ਪੁਸਤਕ ਚਾਹੀਏ, ਪਰ ਅਸੀਂ ਸੰਖੇਪ ਮਾਤਰ ਹੀ ਸ੍ਰੀ ਅਕਾਲੀ ਜੀ ਦੇ ਏਹ ਉਪਕਾਰ ਵਰਨਣ ਕਰਦੇ ਰਹੇ। ਚਕੇਰੀ ਉੜੀ ਆਦਿਕ ਗੁਰ ਅਸਥਾਨਾਂ ਦੀ ਯਾਤਰਾ ਕਰਵਾਉਂਦੇ ਹੋਏ ਅਕਾਲੀ ਜੀ ਸਾਨੂੰ [ਬਾਰਾਂ ਮੂਲੇ] ਲੈ ਗਏ। ਦਰਿਆ ਜੇਹਲਮ ਦੇ ਕਿਨਾਰੇ ਇਹ ਗੁਰਦੁਆਰਾ [ਛੇਵੀਂ] ਪਾਤਸ਼ਾਹੀ ਦਾ ਸਜਿਆ ਹੋਇਆ। ਮੰਜੀ ਅਸਥਾਨ ਦੀ ਪਵਿਤਰ ਧੂੜੀ ਬਾਂਛਕੇ ਇਸ ਸਬੰਧੀ ਬਣੇ ਦਰਬਾਰ ਦੇ



www.AKJ.Org

ਨਾਲ ਲਗਦੇ ਮਕਾਨ ਭੀ ਦਿਖਾਏ । ਹੋਰ ਸਜਣਾਂ ਲਈ ਤਾਂ ਵਖਰਾ ਉਤਾਰਾ ਦੇ ਦਿੱਤਾ, ਦਾਸ ਲਈ ਦਰਿਆ ਦੇ ਵਿਚਕਾਰ ਲਕੜੀ ਦਾ ਬਣਿਆ ਹੋਇਆ ਭਜਨਬੂੰਗਾ ਅਰਪਨ ਕਰਵਾ ਦਿੱਤਾ। ਜੋ ਕਦੇ ਸ੍ਰੀ ਸੰਤ ਅਤਰ ਸਿੰਘ ਜੀ ਦੇ ਨਮਿਤ ਬਣਵਾਇਆ ਗਿਆ ਸੀ। ਉਥੇ ਸਾਡਾ ਸੰਕਲਪ ਕੁਝ ਦਿਨ ਠਹਿਰਨ ਦਾ ਬਣ ਗਿਆ । ਕਈ ਉਘੇ ਸਿਖ ਸਰਦਾਰਾਂ ਦੇ ਉਥੇ ਦਰਸ਼ਨ ਹੋਏ। ਨਿਤਾ ਪ੍ਰਤਿ ਮੰਜੀ ਸਾਹਿਬ ਦੀ ਹਜ਼ੂਰੀ ਦਾ ਆਨੰਦ ਮਾਣਦੇ ਰਹੇ । ਸਬਦ ਭੇਟਾ ਕਰਿ ਕਰਿ ਅਦੁਤੀ ਆਨੰਦ ਆਵੇ। ਉਥੋਂ ਅਕਾਲੀ ਕੌਰ ਸਿੰਘ ਜੀ ਸਾਨੂੰ ਸ੍ਰੀ ਨਗਰ ਕਸ਼ਮੀਰ ਲੈ ਲੈ ਗਏ। ਛੇਵੀਂ ਪਾਤਸ਼ਾਹੀ ਦੇ ਗੁਰਦੁਆਰੇ ਦੀ ਆਲੀਸ਼ਾਨ ਇਮਾਰਤ ਦਿਖਾਈ। ਅਕਸਰ ਸੰਗਤਾਂ ਤੇ ਆਏ ਗਏ ਮੁਸਾਫਰ ਉਥੇ ਹੀ ਨਿਵਾਸ ਰਖਿਆ ਕਰਦੇ ਸਨ। ਪਰ ਅਸਾਡਾ ਗਹਿਣ ਗਠ ਵਿਚ ਰਹਿਣ ਨੂੰ ਜੀ ਨਾ ਕਰੇ। ਸ੍ਰੀ ਅਕਾਲੀ ਜੀ ਅਗੇ ਹੀ ਸਾਡੇ ਦਿਲ ਦੀ ਗਲ ਬੁਝਦੇ ਸਨ, ਉਨ੍ਹਾਂ ਨੇ ਸਾਡੀ ਰਿਹਾਇਸ਼ ਦਾ ਪ੍ਰਬੰਧ ਹੋਰ ਥਾਂ ਕਰ ਛਡਿਆ ਸੀ। ਉਨ੍ਹਾਂ ਦੀ ਪਰਉਪਕਾਰੀ ਉਦਾਰਤਾ ਦੇ ਤੁਫੈਲ ਸਾਨੂੰ ਉਥੇ ਇਕ ਚਮਤਕਾਰੀ ਦਰਸ਼ਨ ਮੇਲੇ ਹੋਏ ਇਕ ਸਿਖ ਪਰਵਾਰ ਦੇ, ਇਸ ਚਮਤ-ਕਾਰਕ ਦਰਸ਼ਨ ਦਾ ਮੋਘਾ ਖੁਲਣ ਦਾ ਪੂਰਬ ਅੰਕੂਰੀ ਸਮਾਂ ਠੀਕ ਆਣ ਢੁਕਿਆ ਸੀ। ਅਤੇ ਖੁਲਣਾ ਲਿਖਿਆ ਹੋਇਆ ਸੀ, ਉਪਕਾਰੀ ਵੀਰ ਸ੍ਰੀ ਮਾਨ ਕੌਰ ਸਿੰਘ ਜੀ ਦੀ ਬਰਕਤ ਫੈਜ਼ ਦਾ ਇਕ ਨਵਾਂ ਚਿਠਾ ਏਥੋਂ ਚਲਦਾ ਹੈ। ਜਿਸ ਨੂੰ ਏਥੇ ਹੀ ਠਪਣਾ ਚੰਗਾ ਹੈ, ਨਹੀਂ ਤਾਂ ਇਸ ਲੇਖ ਦਾ ਬਹੁਤ ਵਿਸਥਾਰ ਵਧ ਜਾਏਗਾ।

ਇਹ ਚਮਤਕਾਰਕ ਮਿਲਾਪ ਬਣਾਉ ਲਿਖਤਕਾਰਕ ਸੀ, ਜੋ ਸਮੇਂ ਦੀ ਚਾਦਰ ਨੇ ਐਸਾ ਲਪੇਟਿਆ ਕਿ ਮੁੜ ਸੰਜੋਗ ਜੁੜਨ ਦੀ ਆਸ ਨਹੀਂ। ਨਾਹੀਂ ਜੋਗ ਸੰਜੋਗੀ ਅਕਾਲੀ ਕੌਰ ਸਿੰਘ ਜੀ ਨੇ ਮੁੜਕੇ ਆਉਣਾ ਹੈ ਤੇ ਨਾਹੀਂ ਇਹ ਸੰਜੋਗ ਫੇਰ ਜੁੜਨਾ ਹੈ, ਏਥੇ ਸ੍ਰੀ ਨਗਰ ਅਸੀਂ ਸਾਲਾਂ ਬੱਧੀ ਆਉਂਦੇ ਰਹੇ ਤੇ ਫੇਰੀਆਂ ਮਾਰਦੇ ਰਹੇ । ਓੜਕ ਉਹ ਸਮਾਂ ਆ ਗਿਆ ਕਿ ਸਾਡਾ ਦੋਹਾਂ ਦਾ ਕਿਸੇ ਗੁਰਮਤਿ ਨੁਕਤੇ ਉਤੇ ਮਤਭੇਦ ਹੋ



www.AKJ.Org

ਗਿਆ ਅਤੇ ਐਸਾ ਹੋਇਆ ਕਿ ਰੰਜਸ਼ ਤਾਈਂ ਨੌਬਤ ਅਪੜ ਗਈ। ਇਤਨਾ ਹੁੰਦਿਆਂ ਹੋਇਆਂ ਭੀ ਮੈਂਡੇ ਅੰਦਰ ਖਾਨਿਓਂ ਸ੍ਰੀ ਅਕਾਲੀ ਜੀ ਦੀ ਹਸਤੀ ਦਾ ਪਿਆਰ ਸਤਿਕਾਰ ਨਹੀਂ ਗਿਆ। ਭਾਵੇਂ ਹਰ ਇਕ ਕਸ਼ਮੀਰ ਫੇਰੀ ਤੇ ਪਰਸਪਰ ਦਰਸ਼ਨ ਹੋਣੇ ਭੀ ਹਟ ਗਏ। ਪਰ ਅੰਦਰਲੀ ਪ੍ਰੀਤ ਨਹੀਂ ਟੁਟੀ। ਫੇਰ ਛੇਕੜਲੀ ਦਰਸ਼ਨ ਮਿਲਾਉਣੀ ਤਾਂ ਅਕਾਲੀ ਜੀ ਦੀ ਓਦੋਂ ਹੀ ਹੋਈ ਜਦੋਂ ਉਨ੍ਹਾਂ ਦੇ ਆਸ਼੍ਰਮੀ ਆਲ੍ਹਣੇ ਓਥੋਂ ਦੇ ਜਰਵਾਣਿਆਂ ਨੇ ਉਜਾੜਕੇ ਮਿਸਮਾਰ ਕਰ ਦਿਤੇ ਸਨ। ਜਦੋਂ ਇਹ ਸੋਆਂ ਸੁਣੀਆਂ ਕਿ ਚਕਾਰ ਆਸ਼੍ਰਮ ਨੂੰ ਗਾਰਤ ਕਰਨ ਦੀ ਗਾਰਤਗਰਾਂ ਨੇ ਹਦ ਮੁਕਾ ਦਿਤੀ ਅਤੇ ਆਸ਼੍ਰਮ ਨਿਵਾਸੀ ਸਭ ਵਿਦਿਆਰਥੀ ਤੇ ਅਧਿਆਪਕ ਕਤਲ ਕੀਤੇ ਗਏ ਹਨ। ਪਰ ਇਹ ਪਤਾ ਨ ਚਲਿਆ ਕਿ ਅਕਾਲੀ ਕੌਰ ਸਿੰਘ ਜੀ ਦਾ ਕੀ ਹਸ਼ਰ ਹੋਇਆ। ਅਚਾਨਕ ਇਕ ਦਿਨ ਅਕਾਲੀ ਕੌਰ ਸਿੰਘ ਜੀ ਪੰਜਾਬ ਵਿਚ ਫਿਰਦੇ ਤੇ ਬਿਚਰਦੇ ਬਿਚਰਦੇ ਆਣ ਨਮੂਦਾਰ ਹੋਏ। ਦੇਖਕੇ ਮੇਰੀਆਂ ਭੁਬਾਂ ਨਿਕਲ ਗਈਆਂ ਅਤੇ ਉਨ੍ਹਾਂ ਦੀ ਜ਼ਬਾਨੀ ਸਾਰਾ ਹਾਲ ਸੁਣਕੇ ਚਿਤ ਨੂੰ ਬੜਾ ਹੀ ਖੇਦ ਪਹੁੰਚਿਆ ਪਰ ਸ਼ੁਕਰ ਕੀਤਾ ਕਿ ਅਕਾਲੀ ਕੌਰ ਸਿੰਘ ਜੀ ਉਸ ਫੇਟ ਵਿਚ ਨਹੀਂ ਆਏ। ਕਾਲ ਦੇ ਅਕਾਲ ਚਕਰ ਅੰਦਰ ਅੱਜ ਉਨ੍ਹਾਂ ਦਾ ਇਸ ਅਥਾਹ ਸੰਸਾਰ ਤੋਂ ਕੂਚ ਕਰ ਜਾਣਾ ਬੜਾ ਹੀ ਦੁਖਦਾਈ ਹੈ ਪਰ ਇਹ ਜਾਣਕੇ ਕਿ ਉਹ ਆਪਣੀ ਪੂਰੀ ਨਿਬਾਹ ਗਏ। ਚਿਤ ਬੜਾ ਹੀ ਤਸਕੀਨ ਅੰਦਰਿ ਹੈ। ਚਲਿਆ ਤਾਂ ਸਭ ਨੇ ਜਾਣਾ ਹੀ ਹੈ, ਪਰ ਸ੍ਰੀ ਅਕਾਲੀ ਕੌਰ ਸਿੰਘ ਜੀ ਵਰਗੇ ਗੁਰਮੁਖਾਂ ਦੇ ਚਲਾਣੇ ਬੜੇ ਹੀ ਕਉਤਕਹਾਰ ਹਨ।

ਮੈਥੋਂ ਸਤਿਗੁਰ ਨੇ ਜਿਤਨੀਆਂ ਪੁਸਤਕਾਂ ਲਿਖਾਉਣ ਦੀ ਸੇਵਾ ਲਈ ਹੈ, ਉਨ੍ਹਾਂ ਦੇ ਲਿਖਦਿਆਂ ਹੋਇਆਂ ਗੁਰਬਾਣੀ ਦੇ ਪ੍ਰਮਾਣ ਅੰਕਤ ਕਰਨ ਲਈ ਜੋ ਸੁਗਮਤਾ ਸ੍ਰੀ ਅਕਾਲੀ ਕੌਰ ਸਿੰਘ ਜੀ ਦਾ ਤਤਕਰਾ ਦਿੰਦਾ ਰਿਹਾ ਹੈ, ਉਹ ਅਦੁਤੀ ਯਾਦਗਾਰ ਉਨ੍ਹਾਂ ਦੇ ਉਪਕਾਰ ਦੀ ਹੈ, ਜੋ ਖਿਨ ਖਿਨ ਉਨ੍ਹਾਂ ਦੀ ਯਾਦ ਤਾਜ਼ਾ ਕਰਾਉਂਦਾ ਰਿਹਾ ਤੇ ਕਰਾਉਂਦਾ ਰਹੇਗਾ। ਕਸ਼ਮੀਰ ਦੇ ਪ੍ਰੇਮੀਆਂ ਫੇਟੇ ਗਰਾਫਰਾਂ ਮੇਰੀ ਤੇ



www.AKJ.Org

ਉਨ੍ਹਾਂ ਦੀ ਫੋਟੋ ਇਕੱਠੀ ਲਈ ਸੀ ਜੋ ਹੁਣ ਤਾਂਈ ਮੇਰੇ ਪਾਸ ਮੌਜੂਦ ਹੈ, ਜੇਲ੍ਹ ਯਾਤਰਾ ਤੋਂ ਵਾਪਸ ਆਕੇ ਸ੍ਰੀ ਅਕਾਲੀ ਜੀ ਦੇ ਦਰਸ਼ਨ ਉਨ੍ਹਾਂ ਸਮਿਆਂ ਤੇ ਭੀ ਹੁੰਦੇ ਰਹੇ। ਜਦੋਂ ਪੰਥ ਗੁਰੂ ਦੇ ਹੁਕਮ ਅਨੁਸਾਰ ਇਤਿਹਾਸਕ ਇਮਾਰਤਾਂ ਦੇ ਬੁਨਿਆਦੀ ਪੱਥਰ ਰਖਣ ਸਮੇਂ ਪੰਜਾਂ ਪਿਆਰਿਆਂ ਵਿਚ ਮੇਰੇ ਸੰਗ ਸਾਥ ਉਨ੍ਹਾਂ ਨੂੰ ਭੀ ਸ਼ਾਮਲ ਕੀਤਾ ਗਿਆ ਸੀ।

ਸ੍ਰੀ ਅਕਾਲੀ ਕੌਰ ਸਿੰਘ ਜੀ ਦਾ ਗੁਰਮਤਿ ਰਹਿਜਾਨ ਮੁਢ ਤੋਂ ਹੀ ਉਪਕਾਰ ਕਮਾਵਣ ਵਾਲਾ ਸੀ। ਦਖਣ ਵਿਚ ਸ੍ਰੀ ਹਜ਼ੂਰ ਸਾਹਿਬ ਵਿਚ ਤਕੜਾ ਚਿਰ ਰਹਿਣ ਕਰਕੇ ਨਿਹੰਗਾਂ ਸਿੰਘਾਂ ਵਾਲੇ ਸੰਸਕਾਰ ਉਨ੍ਹਾਂ ਵਿਚ ਬੜੀ ਬਹੁਲਤਾ ਨਾਲ ਪ੍ਰਵੇਸ਼ ਆਣ ਹੋਏ ਸਨ। ਪਰ ਮੁੜ ਪੰਜਾਬ ਆਏ ਸਿੰਘ ਸਭਾ ਨਾਲ ਮੇਲ ਜੋਲ ਹੋਣ ਕਰਕੇ ਨਿਹੰਗਾਂ ਸਿੰਘਾਂ ਦੇ ਸੰਸਕਾਰਾਂ ਤੋਂ ਮੋੜਾ ਖਾ ਗਏ ਸਨ। ਪਰ ਇਕ ਦੋ ਅਸੂਲ ਉਨ੍ਹਾਂ ਦੇ ਅੰਦਰ ਨਿਹੰਗਾਂ ਸਿੰਘਾਂ ਵਾਲੇ ਘਰ ਕਰ ਗਏ ਸਨ। ਬਹੁਤ ਹਦ ਤਕ ਉਹ ਆਪਣੇ ਨਿਜ ਬਣੇ ਖਿਆਲਾਂ ਦੇ ਭੀ ਮਾਲਕ ਸਨ। "ਇਕ ਓਅੰਕਾਰ" ਨੂੰ ਉਹ ਹਮੇਸ਼ਾਂ ਏਕੀ ਓਅੰਕਾਰ ਕਰਕੇ ਪੜ੍ਹਦੇ ਰਹੇ। ਉਨ੍ਹਾਂ ਨਾਲ ਬਥੇਰੀ ਵਿਚਾਰ ਭੀ ਹੋਈ ਪਰ ਉਹ ਉਸੇ ਤਰ੍ਹਾਂ ਹੀ ਕਾਇਮ ਰਹੇ। ਇਹਨਾਂ ਤਫਰਕਿਆਂ (ਮਤਿ ਭੇਦਾਂ) ਨੂੰ ਛਡਕੇ ਉਨ੍ਹਾਂ ਦਾ ਹੋਰ ਅਲੌਕਿਕ ਗੁਰਮਤਿ ਗੁਣਾਂ ਦਾ ਅਸਾਡੇ ਅੰਦਰ ਬੜਾ ਹੀ ਪਿਆਰ ਸਤਿਕਾਰ ਹੈ ਤੇ ਸਦਾ ਰਹੇਗਾ। ਮੈਥੋਂ ਚਾਰ ਸਾਲ ਆਯੂ ਵਿਚ ਛੋਟੇ ਸਨ, ਪਰ ਪਹਿਲਾਂ ਹੀ ਪਧਾਰ ਗਏ। ਅਸਾਡੀ ਵਾਰੀ ਆਉਣ ਹੀ ਨਹੀਂ ਦਿੱਤੀ।

"ਵਾਰੀ ਆਪੋ ਆਪਣੀ ਕੋਇ ਨ ਬੰਨੈ ਧੀਰ ॥"

ਦੇ ਗੁਰਵਾਕ ਅਨੁਸਾਰ ਅਸਾਡਾ ਪਰਲੋਕ ਗਮਨ ਦਾ ਸਦੜਾ ਨੇੜੇ ਹੀ ਆਇਆ ਖੜਾ ਹੈ।

"ਸਭਣਾ ਸਾਹੁਰੈ ਵੰਞਣਾ ਸਭਿ ਮੁਕਲਾਵਣ ਹਾਰ ॥
ਨਾਨਕ ਧੰਨ ਸੁਹਾਗਣੀ ਜਿਣ ਸਹ ਨਾਲਿ ਪਿਆਰ ॥



www.AKJ.Org

ਸ੍ਰੀ ਅਕਾਲੀ ਕੌਰ ਸਿੰਘ ਜੀ ਦੀਆਂ ਦੋ ਅਟੱਲ ਯਾਦਗਾਰਾਂ ਹਨ, ਜੋ ਉਨ੍ਹਾਂ ਦੀ ਯਾਦ ਨੂੰ ਸਦਾ ਤਾਜ਼ਾ ਰਖਣਗੀਆਂ। ਇਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਤਤਕਰਾ ਤੇ ਦੂਜਾ ਭਾਈ ਗੁਰਦਾਸ ਜੀ ਦੀਆਂ "ਵਾਰਾਂ ਤੇ ਕਬਿਤ ਸਵੱਯਾਂ ਦਾ ਤਤਕਰਾ"

["ਪੰਜਾਬੀ ਰਤਨ" ਵਿਚੋਂ]

## ਸ਼ੁਧ/ਅਸ਼ੁਧ ਪਾਠ-ਬਿਸਰਾਮ

ਨੋਟ:—ਇਸ ਕਾਲਮ ਵਿਚ ਹਰ ਮਹੀਨੇ ਕੁਝ ਕੁ ਅਜਿਹੀਆਂ ਸ਼ੁਧ/ਅਸ਼ੁਧ ਪਾਠ-ਬਿਸਰਾਮਾਂ ਦੀ ਸੂਚੀ ਦਿਤੀ ਜਾਇਆ ਕਰੇਗੀ, ਜੋ ਕਿ ਅਸੀਂ ਹਰ ਰੋਜ਼ ਆਮ ਤੌਰ ਤੇ ਪਾਠ ਕਰਦਿਆਂ, ਕਰਦੇ ਹਾਂ। ਇਸ ਵਾਰ ਕੇਵਲ ਜਪੁ ਜੀ ਸਾਹਿਬ ਵਿਚੋਂ ਕੁਛ ਅਜੇਹੇ ਅਸ਼ੁਧ ਪਾਠ-ਬਿਸਰਾਮਾਂ ਦੀ ਸੂਚੀ ਦਿਤੀ ਗਈ ਹੈ ਤੇ ਨਾਲ ਹੀ ਸ਼ੁਧ ਪਾਠ-ਬਿਸਰਾਮਾ ਦੀ ਸੂਚੀ ਭੀ ਦਿਤੀ ਗਈ ਹੈ। ਇਸ ਸੂਚੀ ਲਈ "ਜਪੁ ਨਿਰਣਯ" ਪੁਸਤਕ ਦੇ ਕਰਤਾ ਦੇ ਧੰਨਵਾਦੀ ਹਾਂ। [ਐਡੀਟਰ]

| ਅਸ਼ੁਧ | ਸ਼ੁਧ |
|---|---|
| ੧. ੧ ਓ [ਇਕਿ ਓਅੰਕਾਰ] | ੧ ਓ [ਇੱਕ ਓਅੰਕਾਰ] |
| ੨. ਸਤਿਨਾਮੁ | ਸਤਿਨਾਮੁ |
| ੩. ਸੈ ਭੰ | ਸੈਭੰ |
| ੪. ਜਪੁ ਆਦਿ, ਸਚ ਜੁਗਾਦਿ... | ਜਪੁ ॥ ਆਦਿ ਸਚੁ,ਜੁਗਾਦਿ ਸਚੁ... |
| ੫. ਸੋਈ ਸੋਈ ਸਦਾ ਸਚੁ ਸਾਹਿਬੁ, ਸਾਚਾ ਸਾਚੀ ਨਾਈ ॥ | ਸੋਈ ਸੋਈ ਸਦਾ ਸਚੁ, ਸਾਹਿਬੁ ਸਾਚਾ, ਸਾਚੀ ਨਾਈ ॥ |
| ੬. ਜੇ ਕੋ ਪਾਵੈ ਤਿਲਕਾ ਮਾਨੁ ॥ | ਜੋ ਕੋ ਪਾਵੈ ਤਿਲ ਕਾ ਮਾਨੁ ॥ |
| ੭. ਸੋਦਰੁ ਕੇਹਾ ਸੋ ਘਰੁ ਕੇਹਾ...... | ਸੋ ਦਰੁ ਕੇਹਾ ਸੋ ਘਰੁ ਕੇਹਾ ॥ |



www.AKJ.Org

| | |
|---|---|
| ੮. ਕਰਮੀ ਆਪੋ ਆਪਣੀ ਕੇ ਨੇੜੈ ਕੈ ਦੂਰਿ ॥ | ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥ |
| ੯. ਜਿਨੀ ਨਾਮੁ ਧਿਆਇਆ ਗਏ ਮਸਕਤਿ [ਮੁਸ਼ੱਕਤ] ਘਾਲਿ ॥ | ਜਿਨੀ ਨਾਮੁ ਧਿਆਇਆ ਗਏ ਮਸਕਤਿ [ਮਸੱਕਤ] ਘਾਲਿ ॥ |

ਬਹੁਤੇ ਸਜਣ ਗੁਰਬਾਣੀ ਦਾ ਪਾਠ ਕਰਨ ਵੇਲੇ ਜਿਸ ਸ਼ਬਦ ਦਾ ਉਚਾਰਨ ਬਿੰਦੇ ਸਹਿਤ ਉਠਦਾ ਹੋਵੇ, ਨਹੀਂ ਬੁਲਾਉਂਦੇ। ਓਹ ਆਪਣੇ ਕੋਲੋਂ ਬਿੰਦਾ ਲਾਉਣਾ ਪਾਪ ਸਮਝਦੇ ਹਨ ਅਤੇ ਆਪਣੇ ਆਪ ਨੂੰ ਠੀਕ ਸਮਝਦੇ ਹੋਏ "ਅਖਰ ਲਿਖੇ ਸੇਈ ਗਾਵਾ ਅਵਰ ਨ ਜਾਣਾ ਬਾਣੀ" ਪੰਕਤੀ ਉਚਾਰ ਕੇ ਚੁਪ ਕਰ ਜਾਂਦੇ ਹਨ। ਇਸ ਪੰਕਤੀ ਦਾ ਗੁਰਬਾਣੀ ਦੀ ਸ਼ੁਧਤਾਈ ਜਾਂ ਅਸ਼ੁਧਤਾਈ ਨਾਲ ਕੋਈ ਸਬੰਧ ਨਹੀਂ। ਸਗੋਂ ਸ਼ਬਦਾਂ ਦੀ ਅਵਾਜ਼ ਆਪਣੀ ਮਰਜ਼ੀ ਨਾਲ ਵਧਾਉਣੀ ਅਤੇ ਦਬਾਉਣੀ ਸ਼ਬਦ-ਚਾਲ ਅਤੇ ਸ਼ਬਦ-ਮਿਠਾਸ ਵਿਚ ਬੜਾ ਫਰਕ ਪਾ ਦੇਂਦੀ ਹੈ। ਜੋ ਦੋਸ਼ ਦਾ ਕਾਰਨ ਬਣਦੀ ਹੈ। ਜੇ ਪੁਰਾਤਨ ਇਤਿਹਾਸ ਪੜ੍ਹੀਏ, ਜਾਂ ਆਪਣੇ ਬਜ਼ੁਰਗ ਪਾਠੀ ਸਿੰਘ ਜੋ ਸੀਨਾ ਬਸੀਨਾ ਪਾਠ ਕਰਦੇ ਆ ਰਹੇ ਹਨ, ਉਨ੍ਹਾਂ ਪਾਸੋਂ ਪੁਛਣ ਤੇ ਪਤਾ ਲਗਦਾ ਹੈ ਕਿ ਪਰੰਪਰਾ ਤੋਂ ਹੀ ਗੁਰਬਾਣੀ ਦਾ ਪਾਠ ਬਿੰਦਿਆਂ ਸਾਹਿਤ ਹੁੰਦਾ ਚਲਿਆ ਆ ਰਿਹਾ ਹੈ।

ਭਾਈ ਸਾਹਿਬ ਭਾ: ਰਣਧੀਰ ਸਿੰਘ ਜੀ ਨੇ ਗੁਰਬਾਣੀ ਦੀਆਂ ਲਗਾਂ-ਮਾਤਰਾਂ ਸਬੰਧੀ ਲਿਖੀ ਪੁਸਤਕ 'ਗੁਰਬਾਣੀ ਵਿਲਖਣਤਾ' ਵਿੱਚ ਇਸ ਬਾਰੇ ਬੜੇ ਵਿਸਥਾਰ ਨਾਲ ਪੁਰਾਤਨ ਅਤੇ ਆਪਣੇ ਵੀਚਾਰ ਦਿੱਤੇ ਹਨ। ਆਪ ਜੀ ਨੇ ਬਿਨ੍ਹਾਂ ਬਿੰਦੇ ਲਾਏ ਪਾਠ ਕਰਨਾ ਮਨਮਤਿ ਵਿੱਚ ਗਿਣਿਆ ਹੈ। ਇਹ ਠੀਕ ਹੈ ਕਿ ਬਿਨਾਂ ਅਰਥ ਵਿਚਾਰ ਤੋਂ ਬਿੰਦੇ ਲਾਉਣ ਦੀ ਸੋਝੀ ਨਹੀਂ ਆ ਸਕਦੀ ਪਰ ਪਾਠੀ ਅਤੇ ਕੀਰਤਨੀ ਸਿੰਘਾਂ ਨੂੰ ਬਾਕੀ ਵਿਦਿਆ ਦੇ ਮੁਕਾਬਲੇ ਤੇ ਗੁਰਮਤਿ ਪੜ੍ਹਾਈ ਵਿਚੋਂ ਵੀ ਨਿਪੁੰਨ ਹੋਣਾ ਅਤਿ ਜ਼ਰੂਰੀ ਹੈ।

**


www.AKJ.Org

ਕਲਿਜੁਗ ਮਹਿ ਕੀਰਤਨ ਪ੍ਰਧਾਨਾ।
ਗੁਰਮੁਖ ਜਪੀਐ ਲਾਇ ਧਿਆਨਾ।

# ਸਾਲਾਨਾ ਕੀਰਤਨ

# ਸਮਾਗਮ

ਸਚਖੰਡ ਨਿਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਭਾਰਤ ਭਰ ਦੇ ਅਖੰਡ ਕੀਰਤਨੀ ਜਥਿਆਂ ਦਾ ਪਟਿਆਲੇ ਸ਼ਹਿਰ ਵਿਖੇ ਕੀਰਤਨ ਦਾ ਵਾਰਸ਼ਿਕ ਪਰੋਗਰਾਮ :–

3, 4, 5, ਫਰਵਰੀ 1966 ਅੰਮ੍ਰਿਤ ਵੇਲੇ ਅਤੇ ਸੋਦਰ ਦੇ ਦੀਵਾਨ ਦੋਨੋਂ ਵਕਤ ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ,ਮਾਲ ਰੋਡ, ਪਟਿਆਲਾ ਵਿਖੇ ਸਜਣਗੇ। ਕੀਰਤਨ ਰੈਣ ਸਭਾਈ–ਸ੍ਰੀ ਗੁਰੂ ਸਿੰਘ ਸਭਾ, ਮਾਲ ਰੋਡ ਵਿਖੇ ਸ਼ਨੀਵਾਰ (5 ਫਰਵਰੀ) ਰਾਤ ਨੂੰ 8 ਵਜੇ ਸ਼ੁਰੂ ਹੋ ਕੇ ਐਤਵਾਰ 6 ਫਰਵਰੀ ਅੰਮ੍ਰਿਤ ਵੇਲੇ ਸਮਾਪਤੀ ਹੋਵੇਗੀ।

ਹਜ਼ੂਰੀ ਕੀਰਤਨ–ਗੁਰਦਵਾਰਾ ਸ੍ਰੀ ਦੁਖ ਨਿਵਾਰਨ ਸਾਹਿਬ ਐਤਵਾਰ [6 ਫਰਵਰੀ] ਦਿਨ ਸੁਹੇਲੇ ਹਰਿ ਜਸ ਦੀਆਂ ਘੁੰਮਰਾਂ ਪੈਣਗੀਆਂ।

ਨੋਟ:–1 ਅੰਮ੍ਰਿਤ ਸੰਚਾਰ 5 ਫਰਵਰੀ (ਸ਼ਨੀਵਾਰ) ਦਿਨ ਦੇ 11 ਵਜੇ ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ ਮਾਲ ਰੋਡ ਵਿਖੇ ਅਰੰਭ ਹੋਵੇਗਾ।

2 ਗੁਰਮਤਿ ਅਨੁਸਾਰ ਅਨੰਦ ਕਾਰਜ ਕਰਵਾਉਣ ਵਾਲੀਆਂ ਸੁਭਾਗੀ ਜੋੜੀਆ ਕੀਰਤਨ ਰੈਣ-ਸਭਾਈ ਦੇ ਭੋਗ ਦੇ ਨਾਲ ਹੀ, ਅਨੰਦ ਕਾਰਜ ਕਰਵਾਉਣ ਲਈ ਕੀਰਤਨ ਸਮਾਗਮ ਵਿਚ ਹਾਜ਼ਰ ਹੋ ਜਾਣ।

3 ਬਿਸਤਰੇ ਲੋੜ ਅਨੁਸਾਰ ਨਾਲ ਲਿਆਉਣ ਦੀ ਕ੍ਰਿਪਾਲਤਾ ਕਰਨੀ।

4 ਰਿਹਾਇਸ਼ ਤੇ ਗੁਰੂ ਕੇ ਲੰਗਰ ਦਾ ਪ੍ਰਬੰਧ ਗੁਰਦਵਾਰਾ ਸਿੰਘ ਸਭਾ ਮਾਲ ਰੋਡ ਵਿਖੇ ਹੋਵੇਗਾ।

5 ਹਿੰਦੁਸਤਾਨ ਦੇ ਕੁਲ ਜਥੇ ਦੇ ਸਿੰਘਾਂ ਅਗੇ ਜੋਦੜੀ ਹੈ ਕਿ ਉਪਰੋਕਤ ਸਮਾਗਮ ਦੀਆਂ ਤਾਰੀਖਾਂ ਵਿਚ ਕਿਤੇ ਵੀ ਕੋਈ ਹੋਰ ਸਮਾਗਮ, ਅਖੰਡ ਪਾਠ ਜਾਂ ਵਿਵਾਹ-ਸ਼ਾਦੀ ਆਦਿ ਨ ਰਖੇ ਜਾਣ ਤਾਂ ਕਿ ਅਸੀਂ ਸਾਰੇ ਇਕਠੇ ਹੋਕੇ ਸਚੇ ਪਾਤਸ਼ਾਹ ਦੀ ਗੋਦ ਵਿਚ ਬੈਠਕੇ ਕੀਰਤਨ ਦੇ ਲਾਹੇ ਲਈਏ।

ਪੁਛ ਗਿਛ ਲਈ
ਮਹਿੰਦਰ ਸਿੰਘ
ਸਟੋਰ P. W. D B&R Prov. ਸਬ ਡਵੀਜ਼ਨ ਪਟਿਆਲਾ।

**ਨਿਰਬਾਣ ਕੀਰਤਨੀ ਜਥਾ ਪਟਿਆਲਾ**

www.AKJ.Org

www.AKJ.Org

# ਭਾਈ ਸਾਹਿਬ ਰਣਧੀਰ ਸਿੰਘ ਜੀ ਰਚਿਤ ਪੁਸਤਕਾਂ

| | | |
|---|---|---|
| ੧. | ਜੇਲ੍ਹ ਚਿੱਠੀਆਂ | ੫-੦੦ |
| ੨. | ਗੁਰਮਤ ਨਾਮ ਅਭਿਆਸ ਕਮਾਈ | ੨-੫੦ |
| ੩. | ਗੁਰਮਤ ਲੇਖ | ੨-੫੦ |
| ੪. | ਝਟਕਾ ਮਾਸ ਪ੍ਰਥਾਇ ਤੱਤ ਗੁਰਮਤ ਨਿਰਣਯ | ੧-੫੦ |
| ੫. | ਗੁਰਮਤ ਬਿਬੇਕ | ੩-੦੦ |
| ੬. | ਸਚਖੰਡ ਦਰਸ਼ਨ | ੦-੭੫ |
| ੭. | ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਬੁਤ ਪ੍ਰਸਤੀ ਹੈ ? | ੧-੦੦ |
| ੮. | ਅਨਹਦ ਸ਼ਬਦ ਦਸਮ ਦੁਆਰ | ੨-੫੦ |
| ੯. | ਗੁਰਮਤ ਸੱਚ ਨਿਰਣੈ | ...... |
| ੧੦. | ਕਥਾ ਕੀਰਤਨ | ੨-੫੦ |
| ੧੧. | ਰੰਗਲੇ ਸਜਣ | ੨-੫੦ |
| ੧੨. | ਗੁਰਬਾਣੀ ਲਗਾਂ ਮਾਤ੍ਰਾਂ ਦੀ ਵਿਲੱਖਣਤਾ | ...... |
| ੧੩. | ਅਣਡਿਠੀ ਦੁਨੀਆਂ | ੩-੦੦ |
| ੧੪. | ਦਰਸ਼ਨ ਝਲਕਾਂ | ੧-੫੦ |
| ੧੫. | ਸੰਤ ਪਦ ਨਿਰਣਯ | ੧-੫੦ |
| ੧੬. | ਗੁਰਮਤ ਕਰਮ ਫ਼ਿਲਾਸਫ਼ੀ | ...... |
| ੧੭. | ਗੁਰਮਤ ਪ੍ਰਕਾਸ਼ | ੧-੫੦ |
| ੧੮. | ਚਰਨ ਕਮਲ ਕੀ ਮਉਜ | ੦-੭੫ |
| ੧੯. | ਅੰਮ੍ਰਿਤ ਕਲਾ | ...... |
| ੨੦. | ਅੰਮ੍ਰਿਤ ਕੀ ਹੈ ? | ੦-੩੦ |
| ੨੧. | ਸੁਪਨਾ | ੦-੨੫ |
| ੨੨. | ਜੋਤ ਵਿਗਾਸ | ...... |
| ੨੩. | ਬਾਬਾ ਵੈਦ ਰੋਗੀਆਂ ਦਾ | ੦-੧੨ |
| ੨੪. | ਸਿੱਖ ਕੌਣ ਹੈ ? | ੦-੧੫ |
| ੨੫. | ਆਸਤਕ ਨਾਸਤਕ | ੦-੧੨ |
| ੨੬. | ਕੋ ਵਿਰਲਾ ਗੁਰਮਤ ਚਲੈ ਜੀਉ | ੦-੨੦ |
| ੨੭. | ਸਚੀਆਂ ਦਾੜ੍ਹੀਆਂ | ੦-੧੫ |
| ੨੮. | ਗੁਰਮਤ ਰਮਜ਼ਾਂ | ੦-੬੨ |
| ੨੯. | ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ | ੦-੧੦ |
| ੩੦. | ਸਿੰਘਾਂ ਦਾ ਪੰਥ ਨਿਰਾਲਾ | ੦-੩੭ |
| ੩੧. | ਅਦ੍ਰਿਸ਼ਟ ਵਾਹਿਗੁਰੂ ਦੇ ਪ੍ਰਤਖ ਦਰਸ਼ਨ | ੦-੨੦ |
| ੩੨. | ਵਾਹਿਗੁਰੂ ਸਿਮਰਣ | ੦-੧੫ |
| ੩੩. | ਗਯਾਨ ਚਾਨਣਾ | ੦-੦੬ |
| ੩੪. | ਹਉਮੈ ਨਾਮੈ ਨਾਲ ਵਿਰੋਧ | ੦-੧੨ |
| ੩੫. | ਸਿਖੀ ਸਿਦਕ | ੦-੨੫ |
| ੩੬. | ਗੁਰਮਤਿ ਵੀਚਾਰ | ੦-੭੫ |
| ੩੭. | ਅੰਮ੍ਰਿਤ ਕੀਰਤਨ | ੫-੨੫ |
| ੩੮. | ਰਾਗ ਮਾਲਾ ਨਿਰਣਯ | ੧-੦੦ |
| ੩੯. | ਸੁਖਮਨਾ ਸਾਹਿਬ | ੦-੫੦ |

ਚਿੱਠੀ ਪੱਤਰ ਕਰਨ ਦਾ ਪਤਾ :-

## ਰਣਜੀਤ ਸਿੰਘ ਪਬਲਿਕ ਹੈਲਥ ਸਰਕਲ ਸੈਂਟਰਲ ਪਟਿਆਲਾ

www.AKJ.Org